# ਪਾਠ 6 ਭਾਰਤ ਦੇ ਮਜ਼ਹਬ

## ਪਾਠ ਦੀ ਰੂਪ-ਰੇਖਾ


6.0 ਮਨੋਰਥ

6.1 ਭੂਮਿਕਾ

6.2 ਭਾਰਤ ਵਿਚ ਵੱਸਦੇ ਲੋਕਾਂ ਦੇ ਮਜ਼ਹਬ
- 6.2.1 ਹਿੰਦੂ ਮਜ਼ਹਬ
- 6.2.2 ਜੈਨ ਮਜ਼ਹਬ
- 6.2.3 ਬੁੱਧ ਮਜ਼ਹਬ
- 6.2.4 ਸਿੱਖ ਮਜ਼ਹਬ
- 6.2.5 ਈਸਾਈ ਮਜ਼ਹਬ
- 6.2.6 ਇਸਲਾਮ

6.3 ਸਾਰ

6.4 ਸਹਾਇਕ ਪੁਸਤਕਾਂ

6.5 ਅਭਿਆਸਾਂ ਦੇ ਉੱਤਰ


## 6.0 ਮਨੋਰਥ

ਤੁਹਾਨੂੰ ਪਤਾ ਹੀ ਹੈ ਕਿ ਭਾਰਤ ਵਿਚ ਕਈ ਮਜ਼ਹਬ ਹਨ ਤੇ ਇਨ੍ਹਾਂ ਦੇ ਮੰਨਣ ਵਾਲੇ ਸਦੀਆਂ ਤੋਂ ਇਕਠੇ ਵੱਸਦੇ ਆ ਰਹੇ ਹਨ। ਵਿਚ-ਵਿਚ ਇਹ ਆਪੋ-ਵਿੱਚੀ ਉਲਝ ਵੀ ਪੈਂਦੇ ਹਨ। ਬਲਕਿ ਮਜ਼ਹਬ ਦੇ ਨਾਂ ਉੱਤੇ ਜਿੰਨੇ ਦੰਗੇ-ਫ਼ਸਾਦ ਹੁੰਦੇ ਹਨ ਉੱਨੇ ਸ਼ਾਇਦ ਹੀ ਕਿਸੇ ਹੋਰ ਕਾਰਨ ਹੁੰਦੇ ਹੋਣ। ਇਸ ਦਾ ਕੀ ਕਾਰਨ ਹੋ ਸਕਦਾ ਹੈ ? ਸਾਨੂੰ ਤਾਂ ਇਹੀ ਲਗਦਾ ਹੈ ਕਿ ਇਕ ਮਜ਼ਹਬ ਨੂੰ ਮੰਨਣ ਵਾਲੇ ਦੂਜਿਆਂ ਦੇ ਮਜ਼ਹਬਾਂ ਤੋਂ ਜਾਣੂ ਨਹੀਂ ਹੁੰਦੇ। ਇਸੇ ਕਾਰਨ ਇਕ ਦੂਜੇ ਬਾਰੇ ਗਲਤ-ਫ਼ਹਿਮੀਆਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਹ ਗ਼ਲਤ-ਫ਼ਹਿਮੀਆਂ ਕਈ ਵਾਰ ਬੜਾ ਭਿਆਨਕ ਰੂਪ ਇਖ਼ਤਿਆਰ ਕਰ ਲੈਂਦੀਆਂ ਹਨ। ਇਸ ਪਾਠ ਦਾ ਮੰਤਵ ਕੇਵਲ ਇਹੀ ਨਹੀਂ ਕਿ ਭਾਰਤ ਦੇ ਵਸਦੇ ਲੋਕਾਂ ਦਿਆਂ ਮਜ਼ਹਬਾਂ ਬਾਰੇ ਜਾਣਕਾਰੀ ਦੇ ਕੇ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕੀਤਾ ਜਾਵੇ ਬਲਕਿ ਇਹ ਵੀ ਹੈ ਕਿ ਉਨ੍ਹਾਂ ਨੂੰ ਹੋਰ ਅਧਿਐਨ ਕਰ ਕੇ ਪੰਜਾਬੀ ਵਿਚ ਅਣਗੌਲੇ ਧਰਮਾਂ ਬਾਰੇ ਕੁੱਝ ਪੜ੍ਹਣ ਤੇ ਲਿਖਣ ਦੀ ਪ੍ਰੇਰਨਾ ਦਿੱਤੀ ਜਾਵੇ।

## 6.1 ਭੂਮਿਕਾ

ਉੱਪਰ ਅਸੀਂ ਇਕ ਦੂਜੇ ਦੇ ਮਜ਼ਹਬਾਂ ਨਾਲ ਜਾਣਕਾਰੀ ਨਾ ਹੋਣ ਦੇ ਕਾਰਨ ਪੈਦਾ ਹੁੰਦੀਆਂ ਗ਼ਲਤ ਫ਼ਹਿਮੀਆਂ ਤੇ ਇਨ੍ਹਾਂ ਤੋਂ ਨਿਕਲੇ ਭਿਆਨਕ ਸਿੱਟਿਆਂ ਵੱਲ ਇਸ਼ਾਰਾ ਕੀਤਾ ਹੈ। ਪਰ, ਮਸਲਾ ਇੰਨਾ ਸਰਲ ਨਹੀਂ, ਕਿਉਂਕਿ ਕਈ ਆਪਣੇ ਜ਼ਾਤੀ ਲਾਭ ਲਈ ਵੀ ਗ਼ਲਤ ਫ਼ਹਿਮੀਆਂ ਪੈਦਾ ਕਰਦੇ ਹਨ। ਜਿਹੜੇ ਲੋਕ ਮਜ਼ਹਬਾਂ ਦੇ ਆਗੂ ਬਣ ਬੈਠਦੇ ਹਨ, ਬਹੁਤ ਵਾਰੀ ਉਹੀ ਆਪਣੀ ਚੌਧਰ ਬਣਾਈ ਰੱਖਣ ਲਈ ਆਪਣੇ ਲੋਕਾਂ ਨੂੰ ਦੂਜੇ ਮਜ਼ਹਬਾਂ ਦੇ ਖ਼ਿਲਾਫ਼ ਭੜਕਾ ਦੇਂਦੇ ਹਨ, ਜਦ ਕਿ ਮੂਲ ਰੂਪ ਵਿਚ, ਹਰ ਮਜ਼ਹਬ ਬੰਦੇ ਨੂੰ ਬੰਦੇ ਨਾਲ ਜੋੜਦਾ ਹੈ; ਹਰ ਬੰਦੇ ਦੀ ਕਦਰ ਕਰਨੀ ਸਿਖਾਂਦਾ ਹੈ। ਪਰ, ਮਜ਼ਹਬਾਂ ਦੇ ਵਪਾਰੀ ਮਜ਼ਹਬ ਦੇ ਇਸ ਸਵੱਛ ਰੂਪ ਨੂੰ ਮੈਲਾ ਕਰ ਦੇਂਦੇ ਹਨ. ਅਸੀਂ ਇਨ੍ਹਾਂ ਵਪਾਰੀਆਂ ਦੀਆਂ ਗੁੱਝੀਆਂ ਤੇ ਮੰਦੀਆਂ ਚਾਲਾਂ ਨੂੰ ਸਮਝਣ ਦਾ ਜਤਨ ਕਰਨਾ ਹੈ। ਇਹ ਤਦ ਹੀ ਹੋ ਸਕਦਾ ਹੈ ਜਦ ਅਸੀਂ ਹਰ ਮਜ਼ਹਬ ਦੇ ਮੂਲ ਰੂਪ ਦੇ ਜਾਣੂ ਹੋਈਏ। ਸਾਨੂੰ ਵਿਸ਼ਵਾਸ ਹੈ ਕਿ ਮਜ਼ਹਬ ਦੇ ਮੂਲ ਰੂਪ ਨੂੰ ਚੰਗੀ ਤਰ੍ਹਾਂ ਸਮਝ ਲੈਣ ਨਾਲ ਆਪਸੀ ਭਾਈਚਾਰੇ ਤੇ ਸ਼ਾਂਤੀ ਵਿਚ ਵਾਧਾ ਹੋਵੇਗਾ। ਸਪਸ਼ਟ ਹੈ ਕਿ ਇਸ ਪਾਠ ਵਿਚ ਅਸੀਂ ਮੁੱਢਲੀ ਜਾਣਕਾਰੀ ਹੀ ਦੇ ਸਕਦੇ ਹਾਂ, ਬਹੁਤ ਡੂੰਘਾਈ ਵਿਚ ਨਹੀਂ ਜਾ ਸਕਦੇ।

## 6.2 ਭਾਰਤ ਵਿੱਚ ਵਸਦੇ ਲੋਕਾਂ ਦੇ ਮਜ਼ਹਬ

ਭਾਰਤ ਵਿਚ ਅਨੇਕਾਂ ਮਜ਼ਹਬਾਂ ਦੇ ਪੈਰੋਕਾਰ ਵੱਸਦੇ ਹਨ। ਏਥੇ ਇਨ੍ਹਾਂ ਵਿਚੋਂ ਕੁੱਝ ਪ੍ਰਮੁੱਖ ਮਜ਼ਹਬਾਂ ਬਾਰੇ ਜਾਣਕਾਰੀ ਦਿੱਤੀ ਜਾਏਗੀ।

### 6.2.1 ਹਿੰਦੂ ਮਜ਼ਹਬ

ਹਿੰਦੂ ਮਜ਼ਹਬ ਦਾ ਕੋਈ ਇਕ ਮੋਢੀ ਨਹੀਂ ਮੰਨਿਆ ਜਾਂਦਾ। ਇਸ ਦਾ ਕੋਈ ਪਛਾਨਣਯੋਗ ਨਿਸਚਿਤ ਰੂਪ ਵੀ ਨਹੀਂ ਹੈ। ਇਸ ਦੇ ਬਾਵਜੂਦ ਕੁੱਝ ਅਜਿਹੇ ਲੱਛਣ ਹਨ ਜਿਨ੍ਹਾਂ ਦੇ ਅਧਾਰ ਉੱਤੇ ਹਿੰਦੂ ਮਜ਼ਹਬ ਦੀ ਕਲਪਨਾ ਕੀਤੀ ਜਾ ਸਕਦੀ ਹੈ।

ਅੱਜ ਭਾਰਤ ਵਿੱਚ ਪੰਜਾਂ ਪਿੱਛੇ ਚਾਰ ਭਾਰਤੀ ਹਿੰਦੂ ਹਨ। ਇਨ੍ਹਾਂ ਦੀ ਕੁੱਲ ਗਿਣਤੀ ਕੋਈ 50 ਕਰੋੜ ਬਣਦੀ ਹੈ। ਉਹ ਕਿਹੜੇ ਲੱਛਣ ਹਨ ਜਿਨ੍ਹਾਂ ਕਾਰਨ ਅਸੀਂ ਸਦੀਆਂ ਤੋਂ ਪ੍ਰਵਾਹਿਤ ਜੀਵਨ ਦੀ ਰਹਿਣੀ-ਬਹਿਣੀ ਤੇ ਵਿਸ਼ਵਾਸਾਂ ਨੂੰ ਗੁੰਦ ਕੇ ਹਿੰਦੂ ਮਜ਼ਹਬ ਦਾ ਨਾਂ ਦੇ ਸਕਦੇ ਹਾਂ ? ਹਿੰਦੂ ਮਜ਼ਹਬ ਦੀ ਬੁਨਿਆਦੀ ਗੱਲ ਸਾਰੀ ਮਨੁੱਖਤਾ ਦੀ ਏਕਤਾ ਨੂੰ ਸਵੀਕਾਰ ਕਰਨਾ ਤੇ ਇਸ ਏਕਤਾ ਨੂੰ ਅਮਲ ਵਿਚ ਲਿਆਉਣਾ ਹੈ। ਏਕਤਾ ਦੇ ਇਸ ਧਾਗੇ ਵਿੱਚ ਪਸ਼ੂ-ਪੰਛੀ ਮਨੁੱਖ ਤੇ ਦੇਵਤੇ—ਸਾਰੇ ਹੀ ਇਕਸਾਰ ਪਰੋਏ ਹੋਏ ਹਨ। ਇਨ੍ਹਾਂ ਵਿਚਲਾ ਜੋ ਫ਼ਰਕ ਹੈ ਉਹ ਸਿਰਫ਼ ਉਨ੍ਹਾਂ ਦੀ ਚੇਤਨਾ ਦੀ ਪੱਧਰ ਦਾ ਹੈ। ਇਸ ਚੇਤਨਾ ਦੀ ਪੱਧਰ ਕਾਰਨ ਹੀ ਉਹ ਇਕ ਦੂਜੇ ਤੋਂ ਉੱਚੇ ਜਾਂ ਨੀਵੇਂ ਹਨ। ਯਾਨੀ, ਚੇਤਨਾ ਵਿੱਚ ਵਿਕਾਸ ਹੋਣ ਨਾਲ ਹਰ ਜੀਵ, ਸਿਰਜਨਾ ਦੀ ਪ੍ਰਕਿਰਿਆ ਵਿੱਚ ਉਤਾਂਹ ਉੱਠ ਸਕਦਾ ਹੈ। ਰਿਗਵੇਦ ਵਿਚ ਮਿਲਦੇ ਮੰਤਰਾਂ ਤੇ ਉਨ੍ਹਾਂ ਉੱਪਰ ਅਧਾਰਿਤ ਉਪਨਿਸ਼ਦਾਂ ਵਿਚ ਬਹੁਦੇਵਵਾਦ ਤੋਂ ਇਕ ਈਸ਼ਵਰਵਾਦ ਤੇ ਇਕ ਈਸ਼ਵਰਵਾਦ ਤੋਂ ਅਦਵੈਤਵਾਦ ਤੱਕ ਦੀ ਵਿਆਖਿਆ ਚੇਤਨਾ ਦੇ ਇਸ ਵਿਕਾਸ ਦੀ ਹੀ ਸੂਚਕ ਹੈ।

ਬਹੁਦੇਵਵਾਦ ਦਾ ਅਰਥ ਹੈ ਬਹੁਤੇ ਦੇਵਤਿਆਂ ਦੀ ਹੋਂਦ ਨੂੰ ਮੰਨਣ ਵਾਲਾ ਮਤ। ਇਸੇ ਮਤ ਦੀ ਕਲਪਨਾ ਸਦਕਾ ਹੀ ਮੂਰਤੀਆਂ ਹੋਂਦ ਵਿੱਚ ਆਉਣੀਆਂ ਸ਼ੁਰੂ ਹੋਈਆਂ। ਇੱਥੇ ਇਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਮੂਰਤੀਆਂ ਅਸਲ ਵਿਚ ਸੰਕਲਪਾਂ ਦੇ ਸਥੂਲ ਰੂਪ ਹਨ ਜਾਂ ਇਉਂ ਕਹਿ ਲਓ ਕਿ ਪ੍ਰਤੀਕ ਹਨ। ਆਪਣਾ ਪ੍ਰਤੀਕ ਹਰ ਇਕ ਨੂੰ ਪਿਆਰਾ ਹੁੰਦਾ ਹੈ। ਹਿੰਦੂਆਂ ਨੂੰ ਉਨ੍ਹਾਂ ਦੇ ਪ੍ਰਤੀਕ ਪਿਆਰੇ ਲਗਦੇ ਹਨ। ਸਭਿਅਤਾ ਦੀ ਮੰਗ ਹੈ ਕਿ ਦੂਜਿਆਂ ਦੇ ਮਜ਼ਹਬਾਂ ਦੇ ਪ੍ਰਤੀਕਾਂ ਦਾ ਅਨਾਦਰ ਨਾ ਕੀਤਾ ਜਾਵੇ। ਜੇ ਤੁਸੀਂ ਇਤਿਹਾਸ ਉੱਤੇ ਨਜ਼ਰ ਮਾਰੋ ਤਾਂ ਤੁਹਾਨੂੰ ਸਾਫ਼ ਦਿਖਾਈ ਦੇਣ ਲੱਗ ਪਵੇਗਾ ਕਿ ਸਾਰਾ ਪੁਆੜਾ ਹੀ ਇਸ ਗੱਲ ਕਰਕੇ ਪੈਂਦਾ ਰਿਹਾ ਹੈ ਕਿ ਇਕ ਦੂਜੇ ਦੀ ਮਜ਼ਹਬ ਦੇ ਪ੍ਰਤੀਕਾਂ ਦਾ ਅਨਾਦਰ ਹੁੰਦਾ ਰਿਹਾ ਹੈ। ਦੇਵਤਿਆਂ ਦੀ ਪੂਜਾ ਕਰਨ ਦੀ ਬਿਰਤੀ ਕਾਰਨ ਹੀ ਹਿੰਦੂਆਂ ਦੀਆਂ ਵੱਖ-ਵੱਖ ਸੰਪਰਦਾਵਾਂ ਹੋਂਦ ਵਿਚ ਆਈਆਂ। ਸ਼ਿਵ ਨੂੰ ਪੂਜਣ ਵਾਲੇ 'ਸ਼ੈਵ' ਅਖਵਾਏ ਅਤੇ ਵਿਸ਼ਨੂੰ ਦੀ ਅਰਾਧਨਾ ਕਰਨ ਵਾਲੇ 'ਵੈਸ਼ਨਵ'। ਬਾਅਦ ਵਿੱਚ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਸਮਝ ਕੇ ਹੀ ਉਨ੍ਹਾਂ ਦੀ ਅਰਾਧਨਾ ਸ਼ੁਰੂ ਹੋਈ। ਇਸੇ ਲਈ 'ਰਾਮਾਇਣ' ਤੇ 'ਭਗਵਤ ਗੀਤਾ' ਹਿੰਦੂਆਂ ਦੇ ਪੂਜਣਯੋਗ ਧਾਰਮਿਕ ਗ੍ਰੰਥ ਮੰਨੇ ਜਾਂਦੇ ਹਨ। ਨਾਲ ਹੀ, ਰਾਮ ਨਾਲ ਸੰਬੰਧਿਤ ਦਸ਼ਹਿਰਾ ਤੇ ਦਿਵਾਲੀ ਤੇ ਕ੍ਰਿਸ਼ਨ ਦੇ ਜਨਮ ਨਾਲ ਸੰਬੰਧਿਤ ਜਨਮ-ਅਸ਼ਟਮੀ ਹਿੰਦੂਆਂ ਦੇ ਬੜੇ ਵੱਡੇ ਧਾਰਮਿਕ ਤਿਉਹਾਰ ਹਨ।

ਹਿੰਦੂ ਮਜ਼ਹਬ ਦੇ ਵਿਕਾਸ ਦੇ ਇਤਿਹਾਸ ਵਿਚ ਅਜਿਹਾ ਸਮਾਂ ਵੀ ਆਇਆ ਜਦੋਂ ਇਸ ਨੂੰ ਵਿਅਕਤੀ ਤੇ ਸਮਾਜ ਦੀ ਪੱਧਰ ਉੱਤੇ, ਨਿਯਮਬੱਧ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਚਾਰ ਪੁਰਸ਼ਾਰਥ, ਚਾਰ ਆਸ਼ਰਮ ਤੇ ਚਾਰ ਵਰਣ ਅਜਿਹੀ ਲੋੜ ਨੂੰ ਹੀ ਪੂਰਿਆਂ ਕਰਦੇ ਸਨ। ਚਾਰ ਪੁਰਸ਼ਾਰਥ ਤੇ ਚਾਰ ਆਸ਼ਰਮ ਵਿਅਕਤੀਗਤ ਜੀਵਨ ਨਾਲ ਸੰਬੰਧਿਤ ਸਨ ਅਤੇ ਚਾਰ ਵਰਣ ਸਮਾਜਿਕ ਜੀਵਨ ਨੂੰ ਨਿਯਮਬੱਧ ਕਰਦੇ ਸਨ। ਮਨੁੱਖ ਦੇ ਸਾਰੇ ਜੀਵਨ ਦੀ ਗੱਤੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ। ਇਹ ਚਾਰ ਭਾਗ ਹਨ—(ੳ) ਕਾਮ, (ਅ) ਅਰਥ, (ੲ) ਧਰਮ, (ਸ) ਮੋਖ। ਇਨ੍ਹਾਂ ਚਾਰਾਂ ਨੂੰ 'ਪੁਰਸ਼ਾਰਥ' ਦਾ ਨਾਂ ਦਿੱਤਾ ਗਿਆ ਕਿਉਂਕਿ ਇਨ੍ਹਾਂ ਦੀ ਪ੍ਰਾਪਤੀ ਪੁਰਸ਼ਾਰਥ ਜਾਂ ਮਿਹਨਤ ਤੋਂ ਬਿਨਾਂ ਸੰਭਵ ਨਹੀਂ ਸੀ ਸਮਝੀ ਜਾਂਦੀ। ਕਾਮ ਤੋਂ ਇੱਥੇ ਮਤਲਬ ਰਸ ਜਾਂ ਸੁਆਦ ਤੋਂ ਹੈ। ਜੀਵਨ ਨੂੰ ਰਸ-ਰਹਿਤ ਜਾਂ ਸੁਆਦ ਤੋਂ ਊਣਾ ਕਲਪਿਤ ਨਹੀਂ ਕੀਤਾ ਜਾਂਦਾ। ਅਰਥ, ਯਾਨੀ ਧਨ ਤੋਂ ਬਿਨਾ ਜੀਵਨ ਦੀ ਗੱਡੀ ਨਹੀਂ ਤੁਰ ਸਕਦੀ। ਪਰ ਇਹ ਦੋਵੇਂ—ਕਾਮ ਤੇ ਅਰਥ—ਧਰਮ ਦੇ ਅੰਤਰਗਤ ਹੀ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ। ਧਰਮ, ਕਾਮ ਤੇ ਅਰਥ ਦੇ ਹੁੰਦਿਆਂ ਮੋਖ-ਪ੍ਰਾਪਤੀ ਸੌਖੀ ਹੋ ਸਕਦੀ ਹੈ। ਇਸ ਪ੍ਰਕਾਰ ਇਹ ਚਾਰ ਪੁਰਸ਼ਾਰਥ ਜੀਵਨ ਨੂੰ ਭਰਪੂਰ ਕਰਨ ਤੇ ਅੰਤਿਮ ਟੀਚੇ ਨੂੰ ਪ੍ਰਾਪਤ ਕਰਨ ਵਿਚ ਸਹਾਇਕ ਦੱਸੇ ਗਏ। ਆਸ਼ਰਮਾਂ ਵਿਚ ਵਿਅਕਤੀਗਤ ਜੀਵਨ ਨੂੰ ਹੀ ਮੁੱਖ ਰੱਖਿਆ ਗਿਆ। ਬੰਦੇ ਦੀ ਔਸਤ ਉਮਰ ਸੌ ਵਰ੍ਹੇ ਮਿੱਥੀ ਗਈ। ਪਹਿਲੇ ਆਸ਼ਰਮ ਨੂੰ ਬ੍ਰਹਮਚਰਜ ਦਾ ਨਾਂ ਦਿੱਤਾ ਗਿਆ। ਪਹਿਲੇ 25 ਵਰ੍ਹੇ ਇਸੇ ਦੇ ਲੇਖੇ ਲਾਉਣ ਦੀ ਹਦਾਇਤ ਕੀਤੀ ਗਈ। ਇਨ੍ਹਾਂ 25 ਵਰ੍ਹਿਆਂ ਵਿੱਚ ਬੰਦੇ ਨੇ ਵਿਦਿਆ ਹਾਸਿਲ ਕਰਨੀ ਸੀ, ਨਾਲੇ ਮਨ ਨੂੰ ਸੰਤੁਲਨ ਵਿਚ ਰੱਖਣਾ ਸੀ। ਦੂਜੇ ਸ਼ਬਦਾਂ ਵਿਚ ਭੋਗ-ਵਿਲਾਸ ਤੋਂ ਦੂਰ ਰਹਿਣਾ ਸੀ। ਅਗਲੇ 25 ਵਰ੍ਹੇ ਗ੍ਰਿਹਸਤ ਲਈ ਰਾਖਵੇਂ ਰੱਖੇ ਗਏ ਹਨ, ਵਿਆਹ-ਸ਼ਾਦੀ ਕਰਕੇ ਘਰ ਵਸਾਉਣਾ ਹੈ ਤੇ ਸੰਤਾਨ ਪੈਦਾ ਕਰਨੀ ਹੈ ਜਿਸ ਨਾਲ ਨਾ ਸਿਰਫ਼ ਮਨੁੱਖ ਜਾਤੀ ਨੂੰ ਚਿਰੰਜੀਵ ਕਰਨਾ ਹੈ, ਬਲਕਿ ਆਪਣੀ ਕੁਲ ਨੂੰ ਵੀ ਜੀਵਿਤ ਰੱਖਣਾ ਹੈ। ਤੀਜਾ ਆਸ਼ਰਮ ਹੈ 'ਵਾਨਪ੍ਰਸਥ' ਇਸ ਪੜਾ ਉੱਤੇ ਬੰਦੇ ਨੇ ਗ੍ਰਿਹਸਤ ਦਾ ਤਿਆਗ ਤਾਂ ਕਰਨਾ ਹੈ ਪਰ ਘਰ ਵਿੱਚ ਹੀ ਘਰ ਵਾਲ਼ਿਆਂ ਦੀ ਦੇਖ-ਭਾਲ ਕੰਵਲ ਵਾਂਗ ਨਿਰਲੇਪ ਹੋ ਕੇ ਕਰਨੀ ਹੈ ਤਾਂ ਜੋ ਘਰ ਵਾਲੇ ਘਰ ਨੂੰ ਸੰਭਾਲਣ ਦੇ ਯੋਗ ਹੋ ਸਕਣ। ਆਖ਼ਰੀ ਆਸ਼ਰਮ ਨੂੰ ਸਨਿਆਸ ਦਾ ਨਾਂ ਦਿੱਤਾ ਗਿਆ। ਇਸ ਅਵਸਥਾ ਵਿੱਚ ਬੰਦਾ ਘਰ ਤਿਆਗ ਕੇ ਜੰਗਲਾਂ ਵਿਚ ਜਾ ਨਿਵਾਸ ਕਰਦਾ ਸੀ। ਇਥੇ ਚੇਤੇ ਰੱਖਣ ਵਾਲੀ ਗੱਲ ਹੈ ਕਿ ਬੰਦਾ 75 ਵਰ੍ਹਿਆਂ ਦੀ ਪੱਕੀ ਉਮਰ ਵਿੱਚ ਹੀ ਜੰਗਲਾਂ ਵੱਲ ਰੁਖ ਕਰਦਾ ਸੀ। ਗਿਆਨ ਤੇ ਮੋਖ ਦੀ ਪ੍ਰਾਪਤੀ ਹੀ ਉਸ ਦਾ ਮਨੋਰਥ ਰਹਿ ਜਾਂਦਾ ਸੀ।

ਸਮਾਜ ਨੂੰ ਜਥੇਬੰਦ ਕਰਨ ਦੀ ਯੋਜਨਾ ਵੀ ਬਣਾਈ ਗਈ। ਸਮਾਜ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਹੀ ਚਾਰ ਵਰਣਾਂ ਦੀ ਕਲਪਨਾ ਕੀਤੀ ਗਈ ਸੀ। ਸਮਾਜਿਕ ਜੀਵਨ ਨੂੰ ਚਲਾਉਣ ਲਈ ਕੁੱਝ ਤਰ੍ਹਾਂ ਦੇ ਕੰਮ ਕੁੱਝ ਖ਼ਾਸ ਤਰ੍ਹਾਂ ਦੇ ਬੰਦਿਆਂ ਦੇ ਸਪੁਰਦ ਕਰਨੇ ਜ਼ਰੂਰੀ ਸਮਝੇ ਗਏ। ਵਿਦਿਆ ਦਾਨ ਤੇ ਰਾਜ-ਪ੍ਰਬੰਧਕਾਂ ਨੂੰ ਮਤ ਦੇਣ ਦਾ ਕੰਮ ਬ੍ਰਾਹਮਣਾਂ ਦੇ ਜ਼ਿੰਮੇ ਲਾਇਆ ਗਿਆ। ਇਸ ਤੋਂ ਇਲਾਵਾ ਮਜ਼ਹਬ ਨਾਲ ਸੰਬੰਧਿਤ ਰਹੁ-ਰੀਤਾਂ ਦੀ ਸੰਭਾਲ ਵੀ ਇਨ੍ਹਾਂ ਦੇ ਜ਼ਿੰਮੇ ਲਾਈ ਗਈ। ਖੱਤਰੀਆਂ ਦਾ ਫ਼ਰਜ਼ ਸੁਰੱਖਿਆ ਕਰਨੀ ਸੀ। ਇਹ ਜੋਧੇ ਸਨ, ਜਿਨ੍ਹਾਂ ਨੇ ਲੋਕਾਂ ਦਾ ਦੁਸ਼ਮਨਾਂ ਤੋਂ ਬਚਾਉ ਕਰਨਾ ਸੀ ਤਾਂ ਜੁ ਉਹ ਬੇਫ਼ਿਕਰਾ ਜੀਵਨ ਜੀ ਕੇ ਸਮਾਜ ਵਿਚ ਆਪਣਾ ਫ਼ਰਜ਼ ਨਿਭਾ ਸਕਣ। ਵਪਾਰ ਤੇ ਵਾਹੀ ਦਾ ਕੰਮ ਵੈਸ਼ਾਂ ਨੂੰ ਦਿੱਤਾ ਗਿਆ। ਧਨ-ਦੌਲਤ ਤੇ ਉਪਜ ਇਨ੍ਹਾਂ ਜ਼ਿੰਮੇ ਸੀ। ਇਨ੍ਹਾਂ ਤੋਂ ਅਲਾਵਾ ਵੀ ਜੀਵਨ ਵਿਚ ਹੋਰ ਬਥੇਰੇ ਛੋਟੇ-ਛੋਟੇ ਕੰਮ ਹੁੰਦੇ ਹਨ, ਜਿਨ੍ਹਾਂ ਬਿਨਾਂ ਸਰਦਾ ਨਹੀਂ। ਇਹ ਛੋਟੇ-ਛੋਟੇ ਕੰਮ ਸ਼ੂਦਰਾਂ ਦੇ ਹਵਾਲੇ ਕੀਤੇ ਗਏ। ਇਸ ਪ੍ਰਕਾਰ ਸਮਾਜ ਦੀਆਂ ਸਾਰੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਜ਼ਿੰਮੇਵਾਰੀਆਂ ਨੂੰ ਵੰਡ ਦਿੱਤਾ ਗਿਆ। ਇੱਥੇ ਕੰਮ ਬਦਲਣ ਨਾਲ ਆਪਣਾ ਵਰਣ ਬਦਲ ਸਕਦਾ ਸੀ। ਅਸਲ ਵਿੱਚ ਕੰਮ ਹੀ ਵਰਣ-ਵੰਡ ਦਾ ਮੂਲ ਅਧਾਰ ਸੀ। ਇਹ ਬਾਅਦ ਵਿੱਚ ਸਮਾਂ ਪਾ ਕੇ ਜਨਮ ਨਾਲ ਜੁੜਿਆ ਜਿਸ ਕਰਕੇ ਬ੍ਰਾਹਮਣ ਦੇ ਘਰ ਜੰਮਣ ਵਾਲਾ ਬੱਚਾ ਬ੍ਰਾਹਮਣ ਤੇ ਸ਼ੂਦਰ ਦੇ ਘਰ ਜੰਮਣ ਵਾਲਾ ਬੱਚਾ ਸ਼ੂਦਰ ਮੰਨਿਆ ਜਾਣ ਲਗ ਪਿਆ। ਹੁਣ ਅਨੇਕ ਕਾਰਨਾਂ ਕਰਕੇ ਪੁਰਸ਼ਾਰਥਾਂ, ਆਸ਼ਰਮਾਂ ਤੇ ਵਰਣਾਂ ਦੀ ਪਕੜ ਹਿੰਦੂ ਵਿਅਕਤੀ ਤੇ ਸਮਾਜ ਵਿੱਚ ਢਿੱਲੀ ਹੁੰਦੀ ਜਾਂਦੀ ਹੈ।

**ਪਹਿਲਾ ਅਭਿਆਸ**

ਨੋਟ : ਤੁਸੀਂ ਹੇਠ ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦੇਣੇ ਹਨ। ਇਹ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦਿੱਤੇ ਜਾਣੇ ਹਨ।

1 ਮੂਰਤੀਆਂ ਕਿਸ ਚੀਜ਼ ਦੀਆਂ ਪ੍ਰਤੀਕ ਹੁੰਦੀਆਂ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਰਾਮ ਤੇ ਕ੍ਰਿਸ਼ਨ ਕਿਸ ਦੇਵਤੇ ਦੇ ਅਵਤਾਰ ਮੰਨੇ ਜਾਂਦੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਹਿੰਦੂਆਂ ਦੇ ਦੋ ਪ੍ਰਮੁੱਖ ਪੂਜਣਯੋਗ ਗ੍ਰੰਥਾਂ ਦੇ ਨਾਂ ਲਿਖੋ :

. . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਚਾਰ ਪੁਰਸ਼ਾਰਥਾਂ, ਚਾਰ ਆਸ਼ਰਮਾਂ ਤੇ ਚਾਰ ਵਰਨਾਂ ਦੇ ਨਾਂ ਲਿਖੋ :

. . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . .

ਨੋਟ : ਉੱਤਰ ਅੰਤ ਵਿਚ ਵੇਖੋ।

## 6.2.2 ਜੈਨ ਮਜ਼ਹਬ

ਭਾਰਤ ਵਿੱਚ ਵੱਸਦੇ ਜੈਨੀਆਂ ਦੀ ਗਿਣਤੀ ਕੋਈ ਤੀਹ ਲੱਖ ਦੇ ਕਰੀਬ ਦੱਸੀ ਜਾਂਦੀ ਹੈ। ਉਂਜ ਤਾਂ ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਕਿਸੇ ਮਜ਼ਹਬ ਦੇ ਮੰਨਣ ਵਾਲਿਆਂ ਦੀ ਇਹ ਗਿਣਤੀ ਕੋਈ ਵਿਸ਼ੇਸ਼ ਅਰਥ ਨਹੀਂ ਰੱਖਦੀ, ਪਰ ਜੈਨ ਮਜ਼ਹਬ ਨੂੰ ਇਸ ਦੇ ਭਾਰਤੀ ਜੀਵਨ ਉੱਤੇ ਪਏ ਅਮਿਟ ਪ੍ਰਭਾਵਾਂ ਕਾਰਨ ਇਕ ਖ਼ਾਸ ਦਰਜਾ ਹਾਸਿਲ ਹੈ। ਇਸ ਦੀ ਪਰੰਪਰਾ ਬਹੁਤ ਪ੍ਰਾਚੀਨ ਹੈ। ਜੈਨ ਵਿਦਵਾਨ ਇਸ ਪਰੰਪਰਾ ਬਾਰੇ ਦਸਦਿਆਂ ਇਸ ਨੂੰ ਵਿਗਸਿਤ ਕਰਨ ਵਾਲੇ ਤੀਰਥੰਕਰਾਂ ਦੀ ਗੱਲ ਕਰਦੇ ਹਨ। ਪਹਿਲੇ ਤੀਰਥੰਕਰ ਦਾ ਨਾਂ ਸੀ ਰਸਭਦੇਵ। ਇਹ ਕਿਹੜੇ ਸਮੇਂ ਵਿਚ ਹੋਏ ਇਸ ਦਾ ਠੀਕ-ਠੀਕ ਪਤਾ ਨਹੀਂ। ਕੇਵਲ ਇਹੀ ਦਸਿਆ ਜਾਂਦਾ ਹੈ ਕਿ ਬਹੁਤ ਪ੍ਰਾਚੀਨ ਸਮੇਂ ਵਿਚ ਹੋਏ। ਰਸਭਦੇਵ ਤੋਂ ਮਗਰੋਂ ਬਾਈਵੇਂ ਤੀਰਥੰਕਰ ਦਾ ਨਾਂ ਨੇਮੀ ਨਾਥ ਸੀ। ਇਸ ਪੰਥ ਦੀ ਪਛਾਣਯੋਗ ਨੁਹਾਰ ਓਦੋਂ ਨਿੱਖਰਨੀ ਹੋਈ ਜਦੋਂ ਪਾਰਸ਼ਵਨਾਥ (8ਵੀਂ ਸਦੀ ਪੂਰਵ ਈਸਾ) ਤੀਰਥੰਕਰ ਦੇ ਰੂਪ ਵਿਚ ਸਾਹਮਣੇ ਆਏ। ਪਾਰਸ਼ਵਨਾਥ 23ਵੇਂ ਤੀਰਥੰਕਰ ਸਨ। ਇਨ੍ਹਾਂ ਤੋਂ ਮਗਰੋਂ ਵਰਧਮਾਨ ਮਹਾਂਵੀਰ 24ਵੇਂ ਤੇ ਅੰਤਮ ਤੀਰਥੰਕਰ ਮੰਨੇ ਜਾਂਦੇ ਹਨ। ਜੈਨ ਮਜ਼ਹਬ ਨੇ, ਸਹੀ ਅਰਥਾਂ ਵਿੱਚ ਮਹਾਂਵੀਰ ਤੋਂ ਹੀ ਇਤਿਹਾਸਕ ਰੂਪ ਧਾਰਨ ਕਰਨਾ ਸ਼ੁਰੂ ਕੀਤਾ।[1]

ਵਰਧਮਾਨ ਮਹਾਂਵੀਰ ਜੀ ਦੇ ਜੀਵਨ ਬਾਰੇ ਜਾਣਨ ਦੀ ਉਤਸੁਕਤਾ ਬੜੀ ਸੁਭਾਵਿਕ ਹੈ। ਵਰਧਮਾਨ ਜੀ ਦਾ ਜਨਮ ਵੈਸ਼ਾਲੀ ਦੇ ਨੇੜੇ ਕੋਡੀਨਪੁਰਾ ਦੇ ਰਾਜਾ ਦੇ ਘਰ ਸੰਨ 599 (ਪੂਰਵ ਈਸਾ) ਵਿੱਚ ਮਾਤਾ ਤ੍ਰਿਸ਼ਾਲਾ ਦੀ ਕੁੱਖੋਂ ਹੋਇਆ ਸੀ। ਕੋਡੀਨਪੁਰਾ ਦੀ ਥਾਂ ਅੱਜ ਬਸਰਾਹ ਨਾਂ ਦਾ ਇਕ ਪਿੰਡ ਹੈ, ਜੋ ਪਟਨਾ ਸਾਹਿਬ ਦੇ ਉੱਤਰ ਵੱਲ ਹੈ। ਵਰਧਮਾਨ ਦੀ ਪਾਲਣਾ ਤੇ ਪੜ੍ਹਾਈ ਰਾਜਕੁਮਾਰਾਂ ਵਾਂਗ ਹੋਈ ਸੀ, ਪਰ, ਉਨ੍ਹਾਂ ਦੇ ਸੁਭਾ ਵਿਚ ਤਿਆਗ ਤੇ ਵੈਰਾਗ ਦੀ ਬਿਰਤੀ ਬੜੀ ਪ੍ਰਬਲ ਸੀ। ਅਖ਼ੀਰ ਤੀਹ ਵਰ੍ਹਿਆਂ ਦੀ ਉਮਰ ਵਿੱਚ ਉਨ੍ਹਾਂ ਸਨਿਆਸ ਲੈ ਲਿਆ। ਕੋਈ ਬਾਰਾਂ ਕੁ ਵਰ੍ਹੇ ਘੋਰ ਤਪੱਸਿਆ ਕਰਨ ਉਪਰੰਤ ਉਨ੍ਹਾਂ ਨੂੰ ਨਿਰਵਾਨ ਦੀ ਪ੍ਰਾਪਤੀ ਹੋਈ।[2]

1 ਹੀਰਾ ਲਾਲ ਜੈਨ, ਜੈਨਿਜ਼ਮ: ਇਟਸ ਹਿਸਟਰੀ ਐਂਡ ਪ੍ਰੀਸੈਪਟਸ, ਕਲਚਰਲ ਹੈਰੀਟਜ ਆਫ ਇੰਡੀਆ, ਪਹਿਲੀ ਜਿਲਦ, ਸਫ਼ਾ 400

2 ਉਹੀ ਸਫ਼ਾ, 400

ਹੋਰ ਅਨੇਕਾਂ ਮਹਾਂਪੁਰਖਾਂ ਵਾਂਗ ਵਰਧਮਾਨ ਮਹਾਵੀਰ ਨੇ ਵੀ ਪ੍ਰਾਪਤ ਗਿਆਨ ਨੂੰ ਲੋਕਾਂ ਵਿਚ ਵੰਡਿਆ। ਇਨ੍ਹਾਂ ਨੇ ਓਦੋਂ ਦੀ ਇਕ ਲੋਕ-ਬੋਲੀ ਵਿਚ ਜਿਸ ਨੂੰ ਅਰਧਮਾਗਧੀ ਪ੍ਰਾਕ੍ਰਿਤ ਵੀ ਕਿਹਾ ਜਾਂਦਾ ਹੈ, ਆਪਣੇ ਅਨੁਭਵ ਲੋਕਾਂ ਨਾਲ ਸਾਂਝਿਆਂ ਕੀਤੇ। ਲਗਭਗ ਸੌ ਵਰ੍ਹਿਆਂ ਮਗਰੋਂ ਅਰਥਾਤ ਪੰਜਵੀਂ ਸਦੀ ਪੂਰਵ ਈਸਾ ਵਿਚ ਉਨ੍ਹਾਂ ਦੇ ਪ੍ਰਵਚਨ ਉਨ੍ਹਾਂ ਦੇ ਚੇਲਿਆਂ ਨੇ ਇਕੱਤਰ ਕੀਤੇ। ਪਰ, ਇਹ ਸਾਰਾ ਜਤਨ ਮੌਖਿਕ ਪਧਰ ਉੱਤੇ ਹੀ ਹੋਇਆ। ਵਿਦਵਾਨਾਂ ਦਾ ਖ਼ਿਆਲ ਹੈ ਕਿ ਇਹ ਸਾਰਾ ਕੁੱਝ ਮੁੜ ਗਵਾਚ ਗਿਆ। ਇਨ੍ਹਾਂ ਪ੍ਰਵਚਨਾਂ ਨੂੰ ਇਕ ਵਾਰੀ ਫੇਰ, ਪੰਜਵੀਂ ਸਦੀ ਈਸਵੀ ਵਿਚ, ਇਕੱਠਾ ਕੀਤਾ ਗਿਆ। ਇਹ ਗ੍ਰੰਥ ਅਜ ਤਕ ਸੁਰਖਿਅਤ ਹਨ ਤੇ ਜੈਨ ਮਜ਼ਹਬ ਦੇ ਅਧਾਰ ਤੇ ਪੂਜਣਯੋਗ ਗ੍ਰੰਥ ਹਨ। ਇਨ੍ਹਾਂ ਨੂੰ 'ਅਗਮ' ਜਾਂ 'ਸਿਧਾਂਤ' ਕਿਹਾ ਜਾਂਦਾ ਹੈ। ਇਹ ਗਿਣਤੀ ਵਿਚ 45 ਮੰਨੇ ਜਾਂਦੇ ਹਨ।

ਸੰਖੇਪ ਇਤਿਹਾਸਿਕ ਸਰਵੇਖਣ ਮਗਰੋਂ, ਜੈਨ ਮਜ਼ਹਬ ਦੇ ਸਿੱਧਾਂਤਕ ਤੇ ਸਾਧਨਾ ਪੱਖ ਬਾਰੇ ਲੋੜੀਂਦੀ ਚਰਚਾ ਕਰਨੀ ਉਚਿਤ ਹੋਵੇਗੀ। ਜੈਨ-ਦਰਸ਼ਨ ਵਿੱਚ ਦੋ ਬੁਨਿਆਦੀ ਤੱਤ ਮੰਨੇ ਗਏ ਹਨ—(ੳ) 'ਜੀਵ' ਤੇ (ਅ) 'ਅਜੀਵ'। ਸ੍ਰਿਸ਼ਟੀ ਵਿੱਚ ਮਿਲਦੀ ਹਰ ਸ਼ੈ 'ਜੀਵ' ਹੈ ਜਾਂ 'ਅਜੀਵ'। ਦੋਹਾਂ ਵਿੱਚ ਬੁਨਿਆਦੀ ਫ਼ਰਕ ਇਹ ਹੈ ਕਿ 'ਜੀਵ' ਇਕ ਚੇਤਨ ਸ਼ਕਤੀ ਹੈ ਤੇ 'ਅਜੀਵ' ਚੇਤਨਾ ਤੋਂ ਰਹਿਤ ਹੈ। ਹਨ ਇਹ ਦੋਵੇਂ ਹੀ ਅਨਾਦੀ। ਜੀਵ ਅਣਗਿਣਤ ਹਨ। ਇਨ੍ਹਾਂ ਦੀ ਸਿਰਜਨਾ ਕਿਸੇ ਪਰਮਾਤਮਾ ਨੇ ਨਹੀਂ ਕੀਤੀ। 'ਜੀਵ' ਬਾਰੇ ਇਕ ਖ਼ਾਸ ਧਿਆਨਯੋਗ ਗੱਲ ਇਹ ਹੈ ਕਿ ਇਹ ਇਕ ਦੂਜੇ ਨਾਲ ਨਾ ਤਾਂ ਬੱਝੇ ਹੁੰਦੇ ਹਨ ਅਤੇ ਨਾ ਹੀ, ਮੁਕਤ ਹੋਣ ਦੀ ਹਾਲਤ ਵਿੱਚ, ਇਕ ਦੂਜੇ ਵਿਚ ਜਾਂ ਕਿਸੇ 'ਮਹਾਂਜੀਵ' ਵਿੱਚ ਜਾ ਲੀਨ ਹੁੰਦੇ ਹਨ। ਇਨ੍ਹਾਂ ਭਾਣੇ 'ਜੀਵ' ਨੂੰ 'ਅਜੀਵ' ਤੋਂ ਮੁਕਤ ਕਰਵਾਉਣਾ ਹੀ 'ਨਿਰਵਾਣਾ' ਹੁੰਦਾ ਹੈ।

ਜੈਨ-ਦਰਸ਼ਨ ਵਿੱਚ 'ਜੀਵ' ਤੇ 'ਅਜੀਵ' ਬਾਰੇ ਅਨੇਕਾਂ ਕਿੱਸਮ ਦੇ ਸਿੱਧਾਂਤਾਂ ਦਾ ਵਿਸਤਾਰਪੂਰਵਕ ਵਰਣਨ ਮਿਲਦਾ ਹੈ। ਪਰ, ਸਾਡਾ ਮੰਤਵ ਬਹੁਤ ਹੀ ਸੀਮਿਤ ਹੈ। ਅਸੀਂ ਤਾਂ ਭਾਰਤੀ ਹੋਣ ਦੇ ਨਾਤੇ ਆਪਣੇ ਹਮ-ਵਤਨੀਆਂ ਦੇ ਮਜ਼ਹਬਾਂ ਬਾਰੇ ਇਸ ਲਈ ਜਾਣਕਾਰੀ ਪ੍ਰਾਪਤ ਕਰਨੀ ਹੈ ਕਿ ਸਾਡੇ ਅੰਦਰ ਇਨ੍ਹਾਂ ਲਈ ਆਦਰਭਾਵ ਪੈਦਾ ਹੋ ਸਕੇ ਤੇ ਅਸੀਂ ਇਕ ਦੂਜੇ ਨੂੰ ਪਛਾਣਨ ਦੇ ਰਾਹ ਉੱਤੇ ਪੈ ਕੇ ਗ਼ਲਤਫ਼ਹਿਮੀਆਂ ਦੇ ਸ਼ਿਕਾਰ ਨਾ ਹੁੰਦੇ ਰਹੀਏ। ਥੋੜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ 'ਜੀਵ', 'ਅਜੀਵ' ਨਾਲ ਬੱਝ ਕੇ ਹੀ ਬੰਧਨ ਵਿਚ ਪਿਆ ਰਹਿੰਦਾ ਹੈ। ਇਸ ਬੰਧਨ ਦਾ ਕਾਰਨ ਹਰ 'ਜੀਵ' ਦਾ ਆਪਣਾ ਆਪਣਾ ਕਰਮ ਹੈ। ਇਸੇ ਬੰਧਨ ਕਾਰਨ ਹਰ ਜੀਵ ਬਾਰ-ਬਾਰ ਜਨਮ ਲੈਂਦਾ ਹੈ। ਕਰਮਾਂ ਤੋਂ ਮੁਕਤੀ ਹੀ ਅਸਲ ਵਿੱਚ 'ਜੀਵ' ਦੀ ਮੁਕਤੀ ਹੈ। ਇਹ ਤਪੱਸਿਆ ਰਾਹੀਂ ਹੀ ਮੁਮਕਿਨ ਹੈ। ਬੰਦੇ ਦਾ ਕੰਮ 'ਅਜੀਵ' ਨੂੰ 'ਜੀਵ' ਨਾਲੋਂ ਤੋੜਨਾ ਹੈ। ਇਸੇ ਅਵਸਥਾ ਨੂੰ 'ਕੇਵਲਯ' ਕਿਹਾ ਗਿਆ ਹੈ। 'ਕੇਵਲਯ' ਦੀ ਪ੍ਰਾਪਤੀ ਹੀ ਜਨਮ-ਮਰਨ ਤੋਂ ਛੁਟਕਾਰਾ ਦਿਵਾਉਂਦੀ ਹੈ। 'ਕੇਵਲਯਗਿਆਨ' ਨਿਰਵਾਨ-ਪ੍ਰਾਪਤੀ ਦਾ ਹੀ ਸੂਚਕ ਹੈ। ਅਜਿਹੇ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਹੀ 'ਜਿਨ' ਅਖਵਾਉਂਦਾ ਹੈ। 'ਜਿਨ' ਦਾ ਅਰਥ ਹੈ 'ਜਿੱਤਣ ਵਾਲਾ'। ਜੇਤੂ ਕੋਈ ਸੂਰਮਾ ਹੀ ਹੋ ਸਕਦਾ ਹੈ। ਵਰਧਮਾਨ ਮਹਾਂ ਜੇਤੂ ਸੀ, ਇਸ ਲਈ ਉਸ ਨੂੰ 'ਮਹਾਵੀਰ' ਕਹਿ ਕੇ ਵਡਿਆਇਆ ਜਾਂਦਾ ਹੈ। 'ਜਿਨ' ਸ਼ਬਦ ਤੋਂ ਹੀ 'ਜੈਨ' ਸ਼ਬਦ ਬਣਿਆ ਹੈ।

ਹੁਣ, ਕੁੱਝ ਸ਼ਬਦ ਜੈਨ ਮਜ਼ਹਬ ਦੇ ਸਾਧਨਾ ਪੱਖ ਬਾਰੇ। ਸਾਧਨਾ ਤਾਂ ਹੀ ਸਫ਼ਲ ਹੋ ਸਕਦੀ ਹੈ ਜੇ ਸਾਧਕ ਨੈਤਿਕ ਅਧਾਰ ਤੋਂ ਹੀ ਯਾਤਰਾ ਅਰੰਭ ਕਰੇ। ਜੈਨ ਨੈਤਿਕਤਾ ਦੀ ਨੀਂਹ ਤਿੰਨ 'ਰਤਨਾਂ' ਉੱਪਰ ਰੱਖੀ ਗਈ ਹੈ। ਇਹ ਤਿੰਨ ਰਤਨ ਇਸ ਪ੍ਰਕਾਰ ਹਨ : (ੳ) ਸੱਚੀ ਸ਼ਰਧਾ, (ਅ) ਸੱਚਾ ਗਿਆਨ ਤੇ (ੲ) ਸ਼ੁੱਧ-ਚਰਿੱਤਰ। ਇਨ੍ਹਾਂ ਤਿੰਨ ਰਤਨਾਂ ਦੀ ਵਡਿਆਈ ਇਹ ਹੈ ਕਿ ਇਹ ਮਨੁੱਖੀ ਜੀਵਨ ਨੂੰ ਇਕਾਈ ਦੇ ਰੂਪ ਵਿਚ ਗ੍ਰਹਿਣ ਕਰਨ ਦੀ ਸਮਰੱਥਾ ਰੱਖਦੇ ਹਨ। ਮਨੁੱਖੀ-ਜੀਵਨ ਦੀ ਤਿੰਨ-ਪੱਖੀ ਵੰਡ ਕੇਵਲ ਸਮਝਣ-ਸਮਝਾਉਣ ਲਈ ਕੀਤੀ ਗਈ ਹੈ। ਅਸਲ ਵਿੱਚ ਤਿੰਨੇ ਹੀ ਪੱਖ ਇੱਕੋ ਸਮੇਂ ਕਾਰਜ ਕਰ ਰਹੇ ਹੁੰਦੇ ਹਨ। ਤਿੰਨਾਂ ਵਿਚੋਂ ਇਕ ਵੀ ਭੰਗ ਹੋ ਜਾਏ ਤਾਂ ਸਾਰੇ ਜੀਵਨ ਨੂੰ ਅਸੰਤੁਲਿਤ ਕਰ ਦੇਂਦੀ ਹੈ। ਇਸੇ ਲਈ ਤਿੰਨਾਂ ਨੂੰ ਪਾਲਣ ਲਈ ਕਿਹਾ ਗਿਆ ਹੈ। ਸੱਚੀ ਸ਼ਰਧਾ ਬਾਰੇ ਇਹ ਹਦਾਇਤ ਕੀਤੀ ਗਈ ਹੈ ਕਿ ਬੰਦਾ ਤਿੰਨ ਪ੍ਰਕਾਰ ਦੇ ਭਰਮਾਂ ਤੋਂ ਆਪਣੇ ਆਪ ਨੂੰ ਮੁਕਤ ਰਖੇ। ਇਹ ਤਿੰਨ ਭਰਮ ਹਨ—ਇਸ਼ਨਾਨ ਆਦਿ ਨਾਲ ਪਵਿੱਤਰਤਾ ਪ੍ਰਾਪਤ ਹੋਣੀ, ਦੇਵੀ-ਦੇਵਤਿਆਂ ਦੀ ਪੂਜਾ ਅਤੇ ਪਾਖੰਡੀ ਸਾਧੂਆਂ ਵਿਚ ਵਿਸ਼ਵਾਸ, ਆਦਿ। ਸੱਚੀ-ਸ਼ਰਧਾ, ਸੱਚੇ ਗਿਆਨ ਦੇ ਉਜਾਗਰ ਹੋਣ ਵਿਚ ਸਹਾਇਕ ਹੁੰਦੀ ਹੈ। ਸੱਚਾ ਗਿਆਨ, ਅੱਠ ਕਿਸਮ ਦੇ ਅਭਿਮਾਨਾਂ ਨੂੰ ਛੱਡਣ ਉੱਤੇ ਪੈਦਾ ਹੁੰਦਾ ਹੈ। ਇਹ ਅੱਠ ਪ੍ਰਕਾਰ ਦੇ ਅਭਿਮਾਨ ਹਨ—ਬੁਧੀਮਾਨ ਹੋਣ ਦਾ ਅਭਿਮਾਨ; ਮੰਦਰ-ਪੂਜਾ ਵਿੱਚ ਨਿਪੁੰਣ ਹੋਣ ਦਾ ਅਭਿਮਾਨ; ਸ਼ਰੀਰਕ ਤੇ ਮਾਨਸਿਕ ਸ਼ਕਤੀ ਦਾ ਅਭਿਮਾਨ; ਉੱਚੀ ਕੁਲ ਵਿਚੋਂ ਹੋਣ ਦਾ ਅਭਿਮਾਨ; ਉੱਚ-ਜਾਤ ਦਾ ਅਭਿਮਾਨ ਅਤੇ ਆਪਣੀ ਸੁੰਦਰਤਾ ਦਾ ਅਭਿਮਾਨ।

ਗ੍ਰਿਹਸਤੀ ਲਈ ਵਹਿਮਾਂ-ਭਰਮਾਂ ਤੇ ਅਭਿਮਾਨਾਂ ਤੋਂ ਮੁਕਤ ਹੋਣਾ ਹੀ ਕਾਫ਼ੀ ਨਹੀਂ, ਸ਼ੁੱਧ ਚਰਿੱਤਰ ਵਾਲਾ ਹੋਣਾ ਵੀ ਜ਼ਰੂਰੀ ਹੈ। ਚਰਿੱਤਰ ਦੀ ਸ਼ੁੱਧਤਾ ਲਈ ਪੰਜ ਪ੍ਰਕਾਰ ਦੇ ਵਰਤਾਂ ਦਾ ਪਾਲਣ ਜ਼ਰੂਰੀ ਹੈ। ਇਹ ਪੰਜ ਵਰਤ ਹਨ : ਕਿਸੇ ਵੀ ਪ੍ਰਾਣੀ ਨੂੰ ਦੁੱਖ ਨਾ ਦੇਣਾ (ਅਹਿੰਸਾ); ਸੱਚ ਬੋਲਣਾ (ਸਤ); ਚੋਰੀ ਨਾ ਕਰਨਾ (ਅਸਤ); ਵਿਭਚਾਰ ਨਾ ਕਰਨਾ (ਬ੍ਰਹਮਚਰਜ) ; ਲੋਭ ਨਾ ਕਰਨਾ (ਅਪਰੀਗ੍ਰਹਿ)।

ਜੈਨੀ ਭਿਖਸ਼ੂਆਂ ਤੇ ਭਿਖਸ਼ੂਣੀਆਂ ਨੇ ਸਾਧਨਾ ਪੱਖ ਦੀ ਪਾਲਨਾ ਬੜੀ ਕਰੜਾਈ ਨਾਲ ਕਰਨੀ ਹੁੰਦੀ ਹੈ। ਗ੍ਰਿਹਸਤੀ ਨੂੰ ਸਿਰਫ਼ ਇਤਨੀ ਹੀ ਹਦਾਇਤ ਕੀਤੀ ਗਈ ਹੈ ਕਿ ਉਹ ਚੀਜ਼ਾਂ ਦੀ ਪ੍ਰਾਪਤੀ ਵਿਚ ਸੰਜਮ ਤੋਂ ਕੰਮ ਲਵੇ। ਗ੍ਰਿਹਸਤੀ ਲਈ ਅਪਰੀਗ੍ਰਹਿ ਦੇ ਏਨੇ ਹੀ ਅਰਥ ਹਨ। ਪਰ ਭਿਖਸ਼ੂਆਂ ਤੇ ਭਿਖਸ਼ੂਣੀਆਂ ਲਈ ਸਭ ਕੁੱਝ ਦਾ ਤਿਆਗ ਜ਼ਰੂਰੀ ਹੈ। ਉਹ ਆਪਣੇ ਪਾਸ ਕੇਵਲ ਪਾਣੀ ਪੀਣ ਲਈ ਇਕ ਜਗ, ਮੋਰ ਦੇ ਖੰਭਾਂ ਦਾ ਬਣਿਆ ਹੋਇਆ ਇਕ ਪੱਖਾ ਤੇ ਕੇਵਲ ਕੁੱਝ ਕੁ ਧਰਮ-ਪੁਸਤਕਾਂ, ਹੀ ਰੱਖ ਸਕਦਾ ਹੈ। ਇਸੇ ਪ੍ਰਸੰਗ ਵਿਚ ਪਹਿਰਾਵੇ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਜੈਨੀਆਂ ਦੇ ਸਵੇਤੰਬਰਾਂ ਭਿਖਸ਼ੂਆਂ ਵਿਚ ਕਪੜੇ ਪਹਿਨਣ ਦੀ ਖੁੱਲ੍ਹ ਹੁੰਦੀ ਨੂੰ ਪਰ ਦਿਗੰਬਰ ਭਿਖਸ਼ੂਆਂ ਨੂੰ ਨਾਂਗੇ ਹੀ ਰਹਿਣਾ ਪੈਂਦਾ ਹੈ। ਜੈਨ ਮਜ਼ਹਬ ਸਿੱਧਾਂਤਕ ਪੱਖੋਂ ਤਾਂ ਇਕ ਹੀ ਹੈ, ਪਰ ਈਸਵੀ ਸਦੀ ਦੇ ਸ਼ੁਰੂ ਵਿਚ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ। ਇਸ ਵੰਡ ਦਾ ਕਾਰਨ ਭਿਖਸ਼ੂਆਂ ਲਈ ਬਣਾਏ ਗਏ ਕੁੱਝ ਨਿਯਮ ਸਨ ਪਰ ਸਭ ਨਾਲੋਂ ਪ੍ਰਮੁੱਖ ਨਿਯਮ ਕਪੜਿਆਂ ਨਾਲ ਸੰਬੰਧਿਤ ਸੀ।

ਜੈਨੀਆਂ ਦੇ ਪ੍ਰਸਿੱਧ ਤੀਰਥ ਹਨ: ਸ੍ਰੀ ਮਹਾਂਵੀਰ ਜੀ (ਰਾਜਸਥਾਨ), ਪਾਵਾਪੁਰੀ (ਬਿਹਾਰ), ਗਿਰਨਾਰ (ਗੁਜਰਾਤ) ਤੇ ਮਾਊਂਟ ਆਬੂ (ਰਾਜਸਥਾਨ) ਆਦਿ। ਇਨ੍ਹਾਂ ਦਾ ਸਭ ਨਾਲੋਂ ਵਧੇਰੇ ਮਹੱਤਵਪੂਰਨ ਤਿਉਹਾਰ ਹੈ—'ਮਹਾਂਵੀਰ ਜਯੰਤੀ'। ਉਸ ਦਿਨ ਉਹ ਮਹਾਂਵੀਰ ਜੀ ਦਾ ਜਨਮ ਬੜੇ ਉਤਸਾਹ ਨਾਲ ਮਨਾਉਂਦੇ ਹਨ। ਦੀਵਾਲੀ, ਦਸ਼ਹਿਰਾ ਤੇ ਹੋਲੀ ਇਹ ਤਿੰਨ ਤਿਉਹਾਰ ਵੀ ਜੈਨੀ ਲੋਕ ਬੜੇ ਚਾਉ ਨਾਲ ਮਨਾਉਂਦੇ ਹਨ।

**ਦੂਜਾ ਅਭਿਆਸ**

ਹੇਠਾਂ ਦਿੱਤੇ ਸਵਾਲਾਂ ਦੇ ਥੋੜ੍ਹੇ ਸ਼ਬਦਾਂ ਵਿਚ ਉੱਤਰ ਦਿਓ। ਇਨ੍ਹਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਉੱਤਰ ਦੇਣ ਵੇਲੇ ਅੰਤ ਵਿੱਚ ਦਿੱਤੇ ਜਵਾਬ ਨਹੀਂ ਵੇਖਣੇ।

1 ਸ੍ਰੀ ਮਹਾਂਵੀਰ, ਜੈਨੀਆਂ ਦੇ ਕਿਨਵੇਂ ਤੀਰਥੰਕਰ ਸਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਸ੍ਰੀ ਮਹਾਂਵੀਰ ਦਾ ਜਨਮ ਸਥਾਨ ਦਸੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਸ੍ਰੀ ਮਹਾਂਵੀਰ ਨੇ ਪ੍ਰਚਾਰ ਲਈ ਕਿਹੜੀ ਬੋਲੀ ਚੁਣੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਜੈਨੀਆਂ ਦੇ ਪ੍ਰਮੁੱਖ ਤੀਰਥ ਸਥਾਨਾਂ ਦੇ ਨਾਂ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

5 'ਜਿਨ' ਸ਼ਬਦ ਦੇ ਕੀ ਅਰਥ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਨੋਟ : ਉੱਤਰ ਅੰਤ ਵਿਚ ਵੇਖੋ।

## 6.2.3 ਬੁੱਧ ਮਜ਼ਹਬ

ਬੁੱਧ ਮਜ਼ਹਬ ਦੇ ਸੰਸਥਾਪਕ ਗੌਤਮ ਦਾ ਜਨਮ ਕਪਿਲਵਸਤੂ ਦੇ ਰਾਜਾ ਸ਼ਸ਼ੋਦਨ ਦੇ ਘਰ ਮਾਤਾ ਮਹਾ ਮਾਇਆ ਦੀ ਕੁਖੋਂ ਲੁੰਬਿਨੀ ਨਾਂ ਦੇ ਸਥਾਨ ਤੇ ਹੋਇਆ। ਲੁੰਬਿਨੀ ਭਾਰਤ ਤੇ ਨੇਪਾਲ ਦੀ ਸਰਹੱਦ ਉੱਤੇ ਜ਼ਿਲਾ ਬਸਤੀ (ਉੱਤਰ ਪ੍ਰਦੇਸ਼) ਵਿੱਚ ਹੈ। ਹੀਨਯਾਨ (ਜਾਂ ਥੇਰਵਾਦ) ਪਰੰਪਰਾ ਅਨੁਸਾਰ ਗੌਤਮ ਦਾ ਜਨਮ 624 ਵਰ੍ਹੇ ਈਸਾ ਤੋਂ ਪਹਿਲਾਂ ਹੋਇਆ। ਗੌਤਮ ਦਾ ਬਚਪਨ ਦਾ ਨਾਂ ਸਿੱਧਾਰਥ ਸੀ। ਸ਼ਸ਼ੋਧਨ ਦੀ ਕੁਲ ਦਾ ਗੋਤਰ 'ਗੌਤਮ' ਸੀ। ਸ਼ਾਕ ਵੰਸ਼ ਵਿੱਚੋਂ ਹੋਣ ਕਾਰਨ ਗੌਤਮ ਨੂੰ, ਬਾਅਦ ਵਿਚ 'ਸ਼ਾਕ ਮੁਨੀ' ਵੀ ਕਿਹਾ ਜਾਣ ਲੱਗਾ।

ਉਨ੍ਹਾਂ ਦਿਨਾਂ ਦੇ ਰਿਵਾਜ ਅਨੁਸਾਰ ਰਾਜੇ ਨੇ ਜੋਤਸ਼ੀਆਂ ਨੂੰ ਬੁਲਾ ਭੇਜਿਆ, ਗੌਤਮ ਦੀ ਜਨਮ ਪੱਤਰੀ ਬਣਾਉਣ ਲਈ। ਜੋਤਸ਼ੀਆਂ ਨੇ ਭਵਿੱਖਬਾਣੀ ਕੀਤੀ ਕਿ ਜੇ ਸਿੱਧਾਰਥ ਗੌਤਮ ਗ੍ਰਿਹਸਥ ਵਿਚ ਰਿਹਾ ਤਾਂ ਚਕਰਵਰਤੀ ਰਾਜਾ ਹੋਵੇਗਾ। ਪਰ ਜੇ ਸਨਿਆਸੀ ਬਣ ਗਿਆ ਤਾਂ ਬੁਧਤਾ ਨੂੰ ਪ੍ਰਾਪਤ ਹੋਵੇਗਾ, ਯਾਨੀ ਬੁੱਧ ਹੋਵੇਗਾ। ਬੁੱਢੇਵਾਰੇ ਗੌਤਮ, ਸ਼ਸ਼ੋਧਨ ਦਾ ਇਕੋ-ਇੱਕ ਸਹਾਰਾ ਸੀ, ਨਾਲੇ ਰਾਜ-ਗੱਦੀ ਦਾ ਵਾਰਸ ਵੀ। ਸ਼ਸ਼ੋਧਨ ਨੇ ਆਪਣੇ ਮੰਤਰੀਆਂ ਦੀ ਸਲਾਹ ਨਾਲ ਗੌਤਮ ਨੂੰ ਹਰ ਪ੍ਰਕਾਰ ਦੀ ਵਿਦਿਆ ਦਿਵਾਉਣ ਤੇ ਅਰਾਮ ਨਾਲ ਜੀਵਨ ਬਿਤਾ ਸਕਣ ਦੇ ਸਾਰੇ ਪ੍ਰਬੰਧ ਕੀਤੀ। ਸੋਲਾਂ ਸਾਲ ਦੀ ਉਮਰ ਵਿਚ ਉਸ ਦਾ ਵਿਆਹ ਯਸ਼ੋਧਰਾ ਨਾਂ ਦੀ ਇਕ ਸੁੰਦਰੀ ਨਾਲ ਕਰ ਦਿੱਤਾ ਗਿਆ। ਬਾਕਾਇਦਾ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਜੀਵਨ ਦਾ ਉਹ ਹਿੱਸਾ ਗੌਤਮ ਨੂੰ ਵੇਖਣ ਹੀ ਨਾ ਦਿੱਤਾ ਜਾਏ ਜਿਸ ਦੇ ਨਤੀਜੇ ਵਜੋਂ ਗੌਤਮ ਦੇ ਮਨ ਵਿਚ ਵੈਰਾਗ ਪੈਦਾ ਹੋ ਸਕੇ। ਪਰ, ਹੋਣੀ ਬੜੀ ਬਲਵਾਨ ਹੁੰਦੀ ਹੈ। ਬੋਧ ਗ੍ਰੰਥਾਂ ਵਿੱਚ ਲਿਖਿਆ ਮਿਲਦਾ ਹੈ ਕਿ ਗੌਤਮ ਜਦੋਂ 'ਛੰਨੇ' ਨਾਂ ਦੇ ਆਪਣੇ ਰਥਵਾਨ ਨਾਲ ਸ਼ਹਿਰ ਦੀ ਸੈਰ ਨੂੰ ਨਿਕਲਿਆ ਤਾਂ ਪਹਿਲੀ ਵਾਰ ਉਸ ਨੂੰ ਇਕ ਰੋਗੀ, ਦੂਜੀ ਵਾਰ ਇਕ ਬਿਰਧ ਤੇ ਤੀਜੀ ਵਾਰ ਇਕ ਮੁਰਦਾ ਵੇਖਣ ਨੂੰ ਮਿਲਿਆ। ਇਹ ਦ੍ਰਿਸ਼ ਗੌਤਮ ਲਈ ਬੜੇ ਅਸਹਿ ਸਿੱਧ ਹੋਏ। ਚੌਥੀ ਵਾਰ ਇਕ ਭਿਖਸ਼ੂ ਦੇ ਦਰਸ਼ਨ ਹੋਏ। ਗੌਤਮ ਲਈ ਇਹ, ਇਕ ਤਰ੍ਹਾਂ ਨਾਲ ਸੁਭਾਉ ਸੀ ਕਿ ਦੁੱਖਾਂ ਤੋਂ ਮੁਕਤੀ ਦਾ ਰਾਹ ਧਰਮ ਦਾ ਰਾਹ ਹੀ ਹੋ ਸਕਦਾ ਹੈ। ਸੋ ਭਿਖਸ਼ੂ ਬਣੇ ਬਿਨਾਂ ਹੋਰ ਕੋਈ ਚਾਰਾ ਨਹੀਂ। ਗੌਤਮ ਦਾ ਇਕ ਪੁੱਤਰ ਹੋਇਆ, ਜਿਸ ਦਾ ਨਾਂ ਉਸ 'ਰਾਹੁਲ' ਰਖਿਆ। ਰਾਹੁਲ ਦਾ ਮਤਲਬ ਹੁੰਦਾ ਹੈ ਰੁਕਾਵਟ ਜਾਂ ਰੋੜਾ। ਸਪਸ਼ਟ ਹੈ ਕਿ ਗੌਤਮ ਨੂੰ ਪੁੱਤਰ ਵੀ ਆਪਣੇ ਰਾਹ ਵਿੱਚ ਰੋੜਾ ਲਗਦਾ ਸੀ। ਪਰ, ਸਭ ਗੱਲਾਂ ਦੇ ਬਾਵਜੂਦ, ਗੌਤਮ ਨੇ ਇਕ ਰਾਤ ਨੂੰ ਮਹਿਲ ਤਿਆਗ ਦਿੱਤੇ ਤੇ ਸਨਿਆਸੀ ਹੋ ਗਿਆ। ਜਿਸ ਸਮੇਂ ਗੌਤਮ ਨੇ ਸਨਿਆਸ ਲਿਆ ਓਦੋਂ ਗੌਤਮ ਦੀ ਉਮਰ ਕੋਈ 29 ਵਰ੍ਹੇ ਸੀ। ਦੁੱਖ ਦਾ ਨਿਵਾਰਨ ਕਿਵੇਂ ਹੋ ਸਕਦਾ ਹੈ ? ਇਸ ਮਾਰਗ ਦੀ ਤਲਾਸ਼ ਵਿਚ ਗੌਤਮ ਨੇ ਓਦੋਂ ਦੀਆਂ ਸਭ ਪ੍ਰਕਾਰ ਦੀਆਂ ਵਿਧੀਆਂ ਨੂੰ ਅਜ਼ਮਾਇਆ। ਸਭ ਸਮਕਾਲੀ ਤਪੱਸਵੀਆਂ ਦੀ ਸ਼ਰਨ ਵਿਚ ਗਿਆ। ਉਸ ਸਮੇਂ ਗਿਆਨ-ਪ੍ਰਾਪਤੀ ਦੀ ਪ੍ਰਧਾਨ ਵਿਧੀ ਘੋਰ ਤਪਸਿੱਆ ਹੀ ਸੀ। ਗੌਤਮ ਨੇ ਇਸ ਪੱਖੋਂ ਕੋਈ ਕਸਰ ਨਾ ਰਹਿਣ ਦਿੱਤੀ। ਉਹ ਵੇਲਾ ਵੀ ਆਇਆ ਜਦ ਸ਼ਰੀਰ ਦੀ ਸੁੱਕ ਕੇ ਇਹ ਹਾਲਤ ਹੋ ਗਈ ਕਿ ਪੇਟ ਤੇ ਪਿੱਠ ਇੱਕ ਹੋ ਗਏ। ਗੌਤਮ ਨੂੰ ਅਨੁਭਵ ਹੋਇਆ ਕਿ ਇਹ ਵਿਧੀ ਵਿਅਰਥ ਹੈ। ਅੱਤ ਦੀ ਐਸ਼ੋ-ਆਰਾਮ ਦੀ ਜ਼ਿੰਦਗੀ ਤਿਆਗ ਕੇ ਗੌਤਮ ਨੇ ਇਸੇ ਕਰਕੇ ਤਪ ਦਾ ਰਾਹ ਚੁਣਿਆ ਸੀ। ਪਰ ਉਸ ਨੂੰ ਲੱਗਾ ਕਿ ਇਹ ਰਾਹ ਵੀ ਇਕ ਪ੍ਰਕਾਰ ਦੀ ਅੱਤ ਹੀ ਹੈ। ਇਸੇ ਕਰਕੇ ਮਹਾਤਮਾ ਬੁੱਧ ਨੇ ਸੁਜਾਤਾ ਨਾਂ ਦੀ ਇਕ ਸਵਾਣੀ ਪਾਸੋਂ ਪ੍ਰਾਪਤ ਹੋਈ ਖੀਰ ਖਾ ਲਈ। ਉਸ ਰਾਤ ਨੂੰ ਗੌਤਮ ਨੂੰ ਗਿਆਨ ਦੀ ਪ੍ਰਾਪਤੀ ਹੋਈ। ਪਿਛਲਾ ਗੌਤਮ ਸਮਾਪਤ ਹੋ ਗਿਆ ਤੇ ਉਸ ਵਿਚੋਂ ਨਵੇਂ ਬੁੱਧ ਦਾ ਜਨਮ ਹੋਇਆ। ਗੌਤਮ ਤੋਂ ਪਹਿਲਾਂ 24 ਬੁੱਧ ਹੋ ਚੁੱਕੇ ਸਨ ਗੌਤਮ 25ਵੀਂ ਥਾਂ ਉੱਤੇ ਸੀ।

ਗਿਆਨ-ਪ੍ਰਾਪਤੀ ਅਰਥਾਤ ਨਿਰਵਾਣ ਤੋਂ ਬਾਅਦ ਬੁੱਧ ਨੇ ਆਪਣੇ ਗਿਆਨ ਨੂੰ ਹੋਰਨਾਂ ਨਾਲ ਸਾਂਝਾ ਕਰਨਾ ਚਾਹਿਆ। ਬੁੱਧ ਨੂੰ ਉਨ੍ਹਾਂ ਪੰਜਾਂ ਭਿਖਸ਼ੂਆਂ ਦਾ ਖ਼ਿਆਲ ਆਇਆ ਜਿਹੜੇ ਇਕ ਸਮੇਂ ਉਸ ਦੇ ਸ਼ਿਸ਼ ਸਨ। ਉਹ ਪੰਜੇ ਹੀ ਸਾਰਨਾਥ ਦੇ ਮਿਰਗ-ਬਨ ਵਿਚ ਠਹਿਰੇ ਹੋਏ ਸਨ। ਮਿਰਗ-ਬਨ ਵਿੱਚ ਪਹੁੰਚ ਕੇ ਬੁੱਧ ਨੇ ਪਹਿਲਾਂ ਪ੍ਰਵਚਨ ਉਨ੍ਹਾਂ ਪੰਜਾਂ ਭਿਖਸ਼ੂਆਂ ਦੇ ਸਾਹਮਣੇ ਹੀ ਉਚਾਰਿਆ। ਉਨ੍ਹਾਂ ਨੂੰ ਆਪਣੀ ਸ਼ਰਨ ਵਿਚ ਲਿਆ। ਮਗਰੋਂ ਅਨੇਕਾਂ ਗ੍ਰਿਹਸਤੀਆਂ ਤੇ ਸਾਧੂਆਂ ਨੂੰ ਧਰਮ ਤੋਂ ਜਾਣੂ ਕਰਵਾਇਆ। ਇਸ ਪ੍ਰਸੰਗ ਵਿਚ ਅਨੰਦ, ਜੋ ਗੌਤਮ ਦੇ ਚਾਚੇ ਦਾ ਪੁੱਤਰ ਸੀ, ਸਾਰੀਪੁੱਤ ਤੇ ਮੋਗਲਯਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾਂਦਾ ਹੈ। ਗੌਤਮ ਬੁੱਧ ਦੇ ਚੇਲਿਆਂ ਵਿਚ ਆਏ ਦਿਨ ਵਾਧਾ ਹੁੰਦਾ ਗਿਆ। ਕੋਈ 45 ਕੁ ਵਰ੍ਹੇ ਬੁੱਧ ਨੇ ਧਰਮ ਦਾ ਪ੍ਰਚਾਰ ਕੀਤਾ ਤੇ 80 ਵਰ੍ਹੇ ਦੀ ਉਮਰ ਵਿੱਚ 544 (ਈਸਾ ਪੂਰਵ) ਵਿੱਚ ਕੁਸ਼ੀ ਨਗਰ ਜ਼ਿਲਾ ਦਿਉਰਿਆ (ਉੱਤਰ ਪ੍ਰਦੇਸ਼) ਵਿੱਚ ਸਰੀਰ ਤਿਆਗਿਆ। ਇਸ ਘਟਨਾ ਨੂੰ ਬੁੱਧ ਮਜ਼ਹਬ ਦੀ ਸ਼ਬਦਾਵਲੀ ਵਿਚ 'ਮਹਾਪਰੀਨਿਰਵਾਣ' ਕਿਹਾ ਜਾਂਦਾ ਹੈ।

ਮਹਾਤਮਾ ਬੁੱਧ ਦੇ ਪ੍ਰਵਚਨਾਂ ਨੂੰ ਇੱਕਤਰ ਕਰਨ ਦੀ ਹੁਣ ਲੋੜ ਮਹਿਸੂਸ ਕੀਤੀ ਗਈ। ਇਸ ਆਸ਼ੇ ਨੂੰ ਲੈ ਕੇ ਇਕ ਤੋਂ ਵੱਧ ਬੈਠਕਾਂ ਬੁਲਾਈਆਂ ਗਈਆਂ। ਇਨ੍ਹਾਂ ਬੈਠਕਾਂ ਨੂੰ ਬੋਧ ਪਰੰਪਰਾ ਵਿਚ 'ਸੰਗੀਤੀ' ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਸੰਗੀਤੀ ਬੁੱਧ ਦੇ ਮਹਾਂਪਰੀਨਿਰਵਾਣ (ਯਾਨੀ ਸਰੀਰ-ਤਿਆਗ) ਤੋਂ ਝੱਟ ਹੀ ਮਗਰੋਂ ਰਾਜਾ 'ਅਜਾਤ ਸ਼ਤਰੂ' ਦੇ ਰਾਜਕਾਲ ਵਿੱਚ ਬੁਲਾਈ ਗਈ। ਇਸ 'ਸੰਗੀਤੀ' ਵਿਚ (ਹੀਨਯਾਨੀ ਪਰੰਪਰਾ ਅਨੁਸਾਰ) ਬੁੱਧ ਧਰਮ ਦੇ ਤਿੰਨੇ ਪਿਟਕ 'ਵਿਨਯ', 'ਸੁੱਤ', ਤੇ 'ਅਭਿਧਰਮ' ਹੋਂਦ ਵਿਚ ਆਏ। ਪਿਟਕ ਦੇ ਅਰਥ ਹਨ, ਟੋਕਰੀ। ਮੰਨਿਆ ਜਾਂਦਾ ਹੈ ਕਿ ਜਿਵੇਂ ਜ਼ਮੀਨ ਵਿਚੋਂ ਨਿਕਲੀਆਂ ਵਸਤਾਂ ਨੂੰ ਕਤਾਰ ਵਿਚ ਖਲੋ ਕੇ ਕੁੱਝ ਬੰਦੇ ਟੋਕਰੀ ਰਾਹੀਂ ਅਗਾਂਹ ਪਹੁੰਚਾਉਂਦੇ ਹਨ, ਉਸੇ ਤਰ੍ਹਾਂ ਗਿਆਨ ਨੂੰ ਵੀ ਇਕ ਪੀੜ੍ਹੀ, ਦੂਜੀ ਪੀੜ੍ਹੀ ਨੂੰ ਸੰਭਾਲਣ ਦੇ ਆਸ਼ੇ ਨਾਲ ਅੱਗੇ ਤੋਰਦੀ ਰਹਿੰਦੀ ਹੈ।

ਹੀਨਯਾਨੀ (ਜਾਂ ਥੇਰਵਾਦੀ) ਬੋਧ ਪਰੰਪਰਾ ਦੇ ਤਿੰਨੇ ਪਿਟਕ ਮਾਗਧੀ ਭਾਸ਼ਾ ਵਿਚ ਹਨ। ਇਸੇ ਭਾਸ਼ਾ ਵਿਚ ਬੁੱਧ ਨੇ ਲੋਕਾਂ ਨੂੰ ਧਰਮ ਦੀ ਸਿੱਖਿਆ ਦਿੱਤੀ ਸੀ। ਇਹ ਲੋਕਾਂ ਦੀ ਆਮ ਬੋਲ-ਚਾਲ ਦੀ ਭਾਸ਼ਾ ਸੀ। ਪਿੱਛੇ ਵਧੇਰੇ ਬੋਧ ਗ੍ਰੰਥ ਪਾਲੀ ਭਾਸ਼ਾ ਵਿੱਚ ਲਿਖੇ ਗਏ। ਹੌਲੀ ਹੌਲੀ ਬੁੱਧ ਧਰਮ ਦੇ ਦੋ ਫ਼ਿਰਕੇ ਹੋ ਗਏ—'ਹੀਨਯਾਨਾ' ਤੇ 'ਮਹਾਂਯਾਨਾ' ਅਸਲ ਵਿਚ 'ਮਹਾਂਯਾਨਾ' ਕਹਾਉਣ ਵਾਲੇ ਪ੍ਰਚਲਿਤ ਬੁੱਧ ਧਰਮ ਨਾਲੋਂ ਵੱਖ ਹੋ ਗਏ ਅਤੇ ਉਨ੍ਹਾਂ ਨੂੰ ਹੀ ਦੂਜਿਆਂ ਨੂੰ, ਇਕ ਪ੍ਰਕਾਰ ਨਾਲ ਹੀਣ ਜਾਣ ਕੇ 'ਹੀਨਯਾਨੀ' ਨਾਂ ਦਿੱਤਾ। ਹੀਨਯਾਨੀ ਪਾਲੀ ਤ੍ਰਿਪਿਟਕ ਨੂੰ ਮੰਨਣ ਵਾਲੇ ਸਨ। ਮਹਾਂਯਾਨੀਆਂ ਦਾ ਮਤ ਹੈ ਕਿ ਪਾਲੀ ਤ੍ਰਿਪਿਟਕ ਵਿੱਚ ਸਾਰਾ ਬਲ ਵਿਅਕਤੀ ਦੇ ਆਪਣੇ ਨਿਜੀ ਨਿਰਵਾਣ ਉਪਰ ਹੈ। ਇਸ ਨੂੰ ਅਰਹਤ੍ਰ ਕਿਹਾ ਜਾਂਦਾ ਹੈ। ਅਰਹਤ੍ਰ ਉਹ ਹੈ ਜਿਸ ਨੇ ਆਪਣੇ ਸਾਰੇ ਦੁਸ਼ਮਨਾਂ ਯਾਨੀ ਵਿਕਾਰਾਂ ਉਪਰ ਜਿੱਤ ਪ੍ਰਾਪਤ ਕਰ ਲਈ ਹੈ। ਮਹਾਂਯਾਨੀ ਅਰਹਤ ਨੂੰ ਖ਼ੁਦਗਰਜ਼ ਸਮਝਦੇ ਹਨ ਕਿਉਂਕਿ ਉਸ ਨੂੰ ਸਿਰਫ਼ ਆਪਣੀ ਹੀ ਮੁਕਤੀ ਦਾ ਲਾਲਚ ਹੁੰਦਾ ਹੈ। ਜਦੋਂਕਿ ਮਹਾਂਯਾਨੀ ਬੋਧ ਪਰੰਪਰਾ ਵਿੱਚ ਸਾਰਾ ਬਲ ਬੋਧੀਸਤਵ ਉੱਪਰ ਹੈ। ਬੋਧੀਸਤਵ ਦਾ ਇਹੀ ਧਰਮ ਹੈ ਕਿ ਓਦੋਂ ਤੱਕ ਨਿਰਵਾਣ ਨੂੰ ਟਾਲਦਾ ਰਹੇ ਜਦ ਤੀਕ ਸਾਰੇ ਪ੍ਰਾਣੀ ਉਸ ਪਦ ਨੂੰ ਪ੍ਰਾਪਤ ਨਹੀਂ ਹੋ ਜਾਂਦੇ। ਮਹਾਯਾਨੀ ਪਰੰਪਰਾ ਵਿਚ ਬੋਧੀਸਤਵ ਉੱਪਰ ਵਧੇਰੇ ਬਲ ਦਿੱਤਾ ਗਿਆ ਹੈ। ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਗੌਤਮ ਨੂੰ ਵੀ ਬੁੱਧ ਬਣਨ ਤੋਂ ਪਹਿਲਾਂ ਦੀ ਸਥਿਤੀ ਵਿੱਚ ਬੋਧੀਸਤਵ ਹੀ ਕਿਹਾ ਗਿਆ। ਬੋਧੀਸਤਵ ਦਾ ਅਰਥ ਹੈ, ਜਿਸ ਵਿੱਚ ਬੁੱਧ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹੋਣ। ਵਿਆਪਕ ਦ੍ਰਿਸ਼ਟੀ ਤੋਂ ਵੇਖਿਆ ਤਾਂ ਹਰ ਪ੍ਰਾਣੀ ਵਿੱਚ ਬੁੱਧ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹਨ।

ਮਹਾਯਾਨੀਆਂ ਦੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ, ਪ੍ਰਸਿੱਧ ਗ੍ਰੰਥ ਨੌ ਹਨ। ਇਸ ਪਰੰਪਰਾ ਦੇ ਸਭ ਤੋਂ ਪ੍ਰਸਿੱਧ ਵਿਦਵਾਨ ਨਾਗਾਰਜੁਨ (ਦੂਜੀ ਸਦੀ ਈਸਾ) ਸੀ। ਇਹੀ ਵਿਦਵਾਨ ਹੈ ਜਿਸ ਦੇ ਦਰਸ਼ਨ ਨੂੰ ਮਾਧਿਅਮਕ ਦਰਸ਼ਨ ਕਿਹਾ ਜਾਂਦਾ ਹੈ।

ਜੈਨ ਮਜ਼ਹਬ ਵਾਂਗ ਹੀ ਬੁੱਧ ਮਜ਼ਹਬ ਵਿਚ ਵੀ ਦਰਸ਼ਨ ਤੇ ਸਾਧਨਾ ਵਾਲੇ ਦੋਵੇਂ ਪੱਖ ਹਨ। 'ਦੁੱਖ ਵਿਆਪਕ ਹੈ', ਇਹੀ ਬੁੱਧ ਮਜ਼ਹਬ ਦੀ ਬੁਨਿਆਦੀ ਧਾਰਨਾ ਹੈ। ਪਰ, ਨਿਰਾਸ਼ ਹੋਣ ਦੀ ਲੋੜ ਨਹੀਂ। ਅਸਲ ਗੱਲ ਦੁੱਖ ਦੀ ਹੋਂਦ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ ਦੀ ਹੈ। ਅਜਿਹੇ ਇਹਸਾਸ ਤੋਂ ਬਿਨਾਂ ਰਾਹ ਉੱਤੇ ਅਗਲੇਰਾ ਕਦਮ ਨਹੀਂ ਪੁੱਟਿਆ ਜਾ ਸਕਦਾ। ਬਲਕਿ ਪਹਿਲਾ ਕਦਮ ਪੁੱਟਣਾ ਹੀ ਔਖਾ ਹੈ। ਕਿਉਂਕਿ ਥੋੜ੍ਹਾ-ਚਿਰ ਸੁੱਖ ਆ ਕੇ ਮਨ ਨੂੰ ਗੰਧਲਾ ਕਰ ਜਾਂਦੇ ਹਨ। ਜਦੋਂ ਪਹਿਲਾ ਕਦਮ ਸਹੀ ਤੌਰ ਉੱਤੇ ਚੁੱਕਿਆ ਜਾਵੇਗਾ ਓਦੋਂ ਹੀ ਇਕ ਗੱਲ ਦਾ ਡੂੰਘਾ ਇਹਸਾਸ ਜਾਗੇਗਾ ਕਿ ਦੁੱਖ ਦਾ ਕੀ ਕਾਰਨ ਹੈ। ਦੁੱਖ ਅਕਾਰਨ ਨਹੀਂ। ਜੇ ਦੁੱਖ ਅਕਾਰਨ ਹੋਵੇ ਤਾਂ ਉਸ ਦਾ ਕੋਈ ਇਲਾਜ ਨਹੀਂ ਹੋਵੇਗਾ। ਪਰ ਦੁੱਖ ਦਾ ਕਾਰਨ ਹੈ। ਇਹ ਕਾਰਨ ਹੈ, ਤ੍ਰਿਸ਼ਨਾ। ਜ਼ਾਹਿਰ ਹੈ ਕਿ ਤ੍ਰਿਸ਼ਨਾ ਦੀ ਜੜ੍ਹ ਪੁੱਟੇ ਬਿਨਾਂ ਦੁੱਖ ਦਾ ਨਿਵਾਰਨ ਸੰਭਵ ਨਹੀਂ ਅਤੇ ਜੜ੍ਹ ਪੁੱਟੀ ਜਾ ਸਕਦੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਬੁੱਧ ਨੇ ਮਾਰਗ ਸੁਝਾਇਆ, ਜਿਸ ਨੂੰ 'ਅਸ਼ਟਾਂਗ ਮਾਰਗ' ਕਿਹਾ ਜਾਂਦਾ ਹੈ। ਇਸ ਮਾਰਗ ਦੀ ਚਰਚਾ ਕਰਨ ਤੋਂ ਪਹਿਲਾਂ ਸ੍ਰਿਸ਼ਟੀ ਦੇ ਤਿੰਨ ਲੱਛਣਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲੈਣੀ ਜ਼ਰੂਰੀ ਹੈ।

ਬੁੱਧ ਦਾ ਮੱਤ ਸੀ ਕਿ ਸ੍ਰਿਸ਼ਟੀ ਵਿਚ ਹਰ ਚੀਜ਼ ਚਾਲਾਇਮਾਨ ਹੈ, ਇੱਸ ਦੀ ਕਿਸੇ ਵੀ ਸ਼ੈ ਦਾ ਚਰਿੱਤਰ 'ਸਥਿਰਤਾ' ਵਾਲਾ ਨਹੀਂ ਹੈ। ਸ੍ਰਿਸ਼ਟੀ ਦੇ ਇਨ੍ਹਾਂ ਲੱਛਣਾਂ ਨੂੰ ਬੁੱਧ ਮਤ ਵਿਚ 'ਅਨਿਤਯ' ਅਤੇ 'ਅਨਾਤਮਾ' ਕਹਿੰਦੇ ਹਨ। ਉਹ ਮੰਨਦੇ ਹਨ ਕਿ ਅਨਿਤਯ ਤੇ ਅਨਾਤਮ ਦਾ ਗਿਆਨ ਹੀ ਹਰ ਦੁੱਖ ਦਾ ਕਾਰਨ ਬਣਦਾ ਹੈ ਤੇ ਅਨਿਤਯ ਤੇ ਅਨਾਤਮ ਦੀ ਪਛਾਣ ਸਦਕਾ ਹੀ ਦੁੱਖਾਂ ਤੋਂ ਮੁਕਤੀ ਸੰਭਵ ਹੋ ਸਕਦੀ ਹੈ। ਬੁਧ ਦੇ ਮਾਰਗ ਦੇ ਅੱਠ ਅੰਗ ਹਨ।

| | |
|---|---|
| ਸ਼ੁੱਧ ਬਚਨ | ਸ਼ੁੱਧ ਕਰਮ |
| ਸ਼ੁੱਧ ਕਿਰਤ-ਕਮਾਈ | ਸ਼ੁੱਧ ਸਮਾਧੀ |
| ਸ਼ੁੱਧ ਜਤਨ | ਸ਼ੁੱਧ ਸੰਕਲਪ |
| ਸ਼ੁੱਧ ਸੁਰਤ | ਤੇ ਸ਼ੁੱਧ ਦ੍ਰਿਸ਼ਟੀ |

ਇਨ੍ਹਾਂ ਅੰਗਾਂ ਦੀ ਪਾਲਨਾ ਕਰਨ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਮਨ ਦੀ ਪਵਿੱਤਰਤਾ ਹੀ ਇਸ ਮਾਰਗ ਦਾ ਇੱਕੋ-ਇੱਕ ਉਦੇਸ਼ ਹੈ। ਸਾਧਨਾ ਦੇ ਪੱਖ ਤੋਂ ਨਿਰਵਾਣ ਦੀ ਪ੍ਰਾਪਤੀ ਲਈ ਮਨ ਦੀ ਮੈਲ ਉਤਾਰਨੀ ਆਵੱਸ਼ਕ ਹੈ। ਮਨ ਦੀ ਮੈਲ ਦਾ ਮੂਲ ਕਾਰਨ ਤ੍ਰਿਸ਼ਨਾ ਹੈ। ਅਸ਼ਟਾਂਗ ਮਾਰਗ ਨੂੰ ਦਿਲੋਂ ਧਾਰਨ ਨਾਲ ਹੀ ਤ੍ਰਿਸ਼ਨਾ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਅਸ਼ਟਾਂਗ ਮਾਰਗ ਤੋਂ ਛੁੱਟ ਕੁੱਝ ਨਿਸ਼ੇਧ (don'ts) ਵੀ ਹਨ ਜਿਨ੍ਹਾਂ ਦੀ ਪਾਲਣਾ ਜ਼ਰੂਰੀ ਦੱਸੀ ਗਈ ਹੈ। ਜਿਵੇਂ ਗ੍ਰਹਿਸਥੀਆਂ ਨੂੰ ਇਹ ਆਦੇਸ਼ ਹੈ ਕਿ ਉਹ (i) ਜੀਵ-ਹੱਤਿਆ ਨਾ ਕਰਨ (ii) ਝੂਠ ਨਾ ਬੋਲਣ (iii) ਚੋਰੀ ਨਾ ਕਰਨ (iv) ਵਿਭਚਾਰ ਨਾ ਕਰਨ (v) ਕੋਈ ਨਸ਼ਾ ਨਾ ਕਰਨ। ਭਿਖਸ਼ੂ ਬਣਨ ਸਮੇਂ ਹਰ ਬੋਧੀ, ਧਰਮ, ਬੁੱਧ ਤੇ ਸੰਘ ਇਨ੍ਹਾਂ ਤਿੰਨਾਂ ਰਤਨਾਂ ਦੀ ਸ਼ਰਨ ਵਿਚ ਜਾਂਦਾ ਹੈ। ਉਪਰੋਕਤ ਪੰਜ ਨਿਸ਼ੇਧਾਂ ਦੀ ਪਾਲਣਾ ਤੋਂ ਇਲਾਵਾ ਪੰਜ ਹੋਰ ਹੁਕਮਾਂ ਦੀ ਕਰੜਾਈ ਨਾਲ ਪਾਲਣਾ ਕਰਨੀ ਪੈਂਦੀ ਹੈ, ਜਿਵੇਂ (i) ਬੇਵਕਤ ਭੋਜਨ ਨਾ ਕਰਨਾ। ਹਰ ਬੋਧੀ ਭਿਖਸ਼ੂ ਨੇ ਇਕ ਡੰਗ ਭੋਜਨ ਕਰਨਾ ਹੁੰਦਾ ਹੈ ਅਤੇ ਉਹ ਵੀ ਦਿਨ ਦੇ ਬਾਰਾਂ ਵਜੇ ਤੋਂ ਪਹਿਲਾਂ; (ii) ਨਾਚ-ਗਾਣੇ ਤੋਂ ਦੂਰ ਰਹਿਣਾ; (iii) ਉੱਚੀ ਥਾਂ ਨਾ ਬੈਠਣਾ ਜਾਂ ਸੌਣਾ; (iv) ਇਤਰ ਤੇ ਖੁਸ਼ਬੂਆਂ ਦੀ ਵਰਤੋਂ ਤੋਂ ਮਨਾਹੀ; ਅਤੇ (v) ਸੋਨੇ ਤੇ ਚਾਂਦੀ ਨੂੰ ਭੇਟ ਵਜੋਂ ਸਵੀਕਾਰ ਨਾ ਕਰਨਾ।

ਸੰਖੇਪ ਵਿਚ ਅਸ਼ਟਾਂਗ ਮਾਰਗ ਤੇ ਪੰਜ ਜਾਂ ਦਸ ਨਿਸ਼ੇਧਾਂ ਦੀ ਪਾਲਣਾ ਦਾ ਇੱਕੋ ਇੱਕ ਮਕਸਦ ਮਨ ਨੂੰ ਤ੍ਰਿਸ਼ਨਾ ਦੀ ਮੈਲ ਤੋਂ ਮੁਕਤ ਕਰਕੇ ਨਿਰਵਾਣ ਪ੍ਰਾਪਤ ਕਰਨਾ ਹੈ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸ਼ੀਲ ਦੀ ਪਾਲਣਾ ਤੋਂ ਬਿਨਾ ਸ਼ੁੱਧ ਸਮਾਧੀ ਤੇ ਸ਼ੁਧ ਸਮਾਧੀ ਤੋਂ ਬਿਨਾ ਸ਼ੁੱਧ ਗਿਆਨ ਨੂੰ ਜਗਾਉਣਾ ਸੰਭਵ ਨਹੀਂ। ਸ਼ੁੱਧ ਗਿਆਨ ਦੇ ਜਾਗੇ ਬਿਨਾਂ ਮੁਕਤੀ ਅਰਥਾਤ ਨਿਰਵਾਣ ਦੀ ਪ੍ਰਾਪਤੀ ਕਦਾਚਿਤ ਸੰਭਵ ਨਹੀਂ। ਇਨ੍ਹਾਂ ਤਿੰਨਾਂ ਪੜਾਵਾਂ ਵਿੱਚ ਸਫ਼ਲ ਤੌਰ ਉੱਤੇ ਲੰਘ ਕੇ ਹੀ ਨਿਰਵਾਣ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਤ੍ਰਿਸ਼ਨਾ ਦੀ ਅੱਗ ਜਦੋਂ ਬੁਝ ਜਾਂਦੀ ਹੈ ਤਾਂ ਮਨ ਦੀ ਅਵਸਥਾ ਨੂੰ ਨਿਰਵਾਣ ਪਦ ਦਾ ਨਾਂ ਦਿੱਤਾ ਜਾਂਦਾ ਹੈ।

ਬੁੱਧ ਮਜ਼ਹਬ ਵਿਚ ਵਿਸਾਖ ਦੀ ਪੂਰਨਮਾਸ਼ੀ ਦੀ ਬੜੀ ਮਹਾਨਤਾ ਹੈ। ਵਿਸਾਖ ਦੀ ਪੂਰਨਮਾਸ਼ੀ ਨੂੰ ਹੀ ਗੋਤਮ ਦਾ ਜਨਮ ਹੋਇਆ। ਇਸੇ ਦਿਨ ਬੋਧ ਗਯਾ ਵਿੱਚ ਪਿੱਪਲ ਦੇ ਰੁੱਖ ਥੱਲੇ ਗੋਤਮ ਨੂੰ ਗਿਆਨ ਅਰਥਾਤ ਨਿਰਵਾਣ ਦੀ ਪ੍ਰਾਪਤੀ ਹੋਈ ਤੇ ਗੋਤਮ, ਬੁੱਧ ਬਣਿਆ। ਇਹੀ ਦਿਨ ਸੀ ਜਦ ਗੋਤਮ ਬੁੱਧ ਨੇ ਕੁਸ਼ੀਨਗਰ ਵਿੱਚ ਸ਼ਰੀਰ ਤਿਆਗਿਆ। ਇਸ ਘਟਨਾ ਨੂੰ ਬੋਧ ਪਰੰਪਰਾ ਵਿਚ ਮਹਾਂ ਪਰੀਨਿਰਵਾਨ ਕਹਿ ਕੇ ਚਿਤਵਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਵਿਸਾਖ ਦੀ ਪੂਰਨਮਾਸ਼ੀ ਬੋਧੀਆਂ ਲਈ ਸਭ ਨਾਲੋਂ ਵਧੇਰੇ ਮਹੱਤਵਪੂਰਨ ਤਿਉਹਾਰ ਹੈ। ਲੁੰਬਿਨੀ (ਜਨਮ ਸਥਾਨ) ਬੋਧ-ਗਯਾ, ਸਾਰਨਾਥ ਤੇ ਕੁਸ਼ੀ ਨਗਰ ਬੋਧੀਆਂ ਦੇ ਚਾਰ ਮਹਾਨ ਤੀਰਥ ਹਨ।

**ਤੀਜਾ ਅਭਿਆਸ**

ਹੇਠਾਂ ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਲਿਖੋ। ਇਨ੍ਹਾਂ ਦੇ ਜਵਾਬ ਖ਼ਾਲੀ ਛੱਡੀਆਂ ਥਾਵਾਂ ਉੱਤੇ ਹੀ ਦੇਣੇ ਹਨ।

1 ਮਹਾਤਮਾ ਬੁੱਧ ਦਾ ਜਨਮ ਕਿਹੜੇ ਸੰਨ ਵਿਚ, ਕਿਹੜੀ ਥਾਂ ਉੱਤੇ ਹੋਇਆ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਬੁੱਧ ਮਜ਼ਹਬ ਦੇ 'ਅਸ਼ਟਾਂਗ' ਮਾਰਗ ਦੇ ਅੱਠ ਅੰਗ ਕਿਹੜੇ 2 ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਹੀਨਯਾਨ ਤੇ ਮਹਾਯਾਨ ਵਿਚ ਬੁਨਿਆਦੀ ਫ਼ਰਕ ਕੀ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਬੁੱਧ ਮਜ਼ਹਬ ਵਿਚ ਵਿਸਾਖ ਦੀ ਪੂਰਨਮਾਸ਼ੀ ਦੀ ਮੱਹਤਾ ਬਾਰੇ ਤੁਸੀ ਕੀ ਜਾਣਦੇ ਹੋ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਨੋਟ : ਅੰਤ ਵਿੱਚ ਦਿੱਤੇ ਉੱਤਰਾਂ ਨਾਲ ਆਪਣੇ ਉੱਤਰ ਮੇਲੋ।

## 6.2.4 ਸਿੱਖ ਮਜ਼ਹਬ

ਸਿੱਖ ਮਜ਼ਹਬ ਦੇ ਬਾਨੀ ਗੁਰੂ ਨਾਨਕ ਦਾ ਜਨਮ, ਤਲਵੰਡੀ ਰਾਏ ਭੋਇ (ਅੱਜ-ਕੱਲ ਨਨਕਾਣਾ ਸਾਹਿਬ, ਪਾਕਿਸਤਾਨ) ਵਿਚ ਸੰਨ 1469 ਇ: ਨੂੰ ਮਹਿਤਾ ਕਾਲੂ ਦੇ ਘਰ ਹੋਇਆ ਸੀ। ਇਨ੍ਹਾਂ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ। ਗੁਰੂ ਨਾਨਕ ਜੀ ਦੀ ਤਬੀਅਤ ਜਨਮ ਤੋਂ ਹੀ ਵੈਰਾਗ ਵਾਲੀ ਸੀ। ਮਹਿਤਾ ਕਾਲੂ ਨੇ ਬੜੇ ਜਤਨ ਕੀਤੇ ਕਿ ਉਸ ਦਾ ਇੱਕੋ ਪੁੱਤਰ ਦੁਨੀਆਦਾਰਾਂ ਵਾਂਗ ਜ਼ਿੰਦਗੀ ਗੁਜ਼ਾਰੇ ਪਰ ਇਹ ਜਤਨ ਨਿਸਫ਼ਲ ਰਹੇ। ਇਸੇ ਮਨਸ਼ੇ ਨੂੰ ਲੈ ਕੇ ਬਾਬਾ ਨਾਨਕ ਦੀ ਸ਼ਾਦੀ ਮਾਤਾ ਸੁਲੱਖਣੀ ਨਾਲ ਕਰਵਾਈ ਗਈ। ਸ੍ਰੀ ਚੰਦ ਤੇ ਲੱਖਮੀ ਦਾਸ, ਦੋ ਪੁੱਤਰ ਵੀ ਹੋਏ। ਪਰ ਬਾਬੇ ਦੀ

ਤਬੀਅਤ ਵਿਚ ਕੋਈ ਫ਼ਰਕ ਨਾ ਪਿਆ। ਬਾਬੇ ਦੀ ਪਛਾਣ ਕਰਨ ਵਾਲੀ ਕੇਵਲ ਉਸ ਦੀ ਵੱਡੀ ਭੈਣ ਬੀਬੀ ਨਾਨਕੀ ਸੀ। ਹਾਂ, ਪਿੰਡ ਦੇ ਕਰਤਾ-ਧਰਤਾ ਰਾਏ ਬੁਲਰ ਨੂੰ ਵੀ ਬਾਬੇ ਦੀ ਵਡਿੱਤਣ ਦਾ ਇਹਸਾਸ ਹੋਇਆ ਸੀ। ਬਾਬਾ ਨਾਨਕ ਦੇ ਜੀਵਨ ਬਾਰੇ ਸਾਰੀ ਜਾਣਕਾਰੀ 'ਜਨਮ-ਸਾਖੀਆਂ' ਵਿਚ ਸਾਂਭੀ ਪਈ ਹੈ। 'ਵਲੈਤ ਵਾਲੀ' ਤੇ 'ਬਾਲੇ ਵਾਲੀ' ਦੋ ਜਨਮ-ਸਾਖੀਆਂ ਦੀ ਖ਼ਾਸ ਮਹੱਤਾ ਹੈ। ਇਨ੍ਹਾਂ ਜਨਮਸਾਖੀਆਂ ਤੋਂ ਪਤਾ ਲਗਦਾ ਹੈ ਕਿ ਬਾਬਾ ਨਾਨਕ ਬੁੱਧ ਵਾਂਗ ਆਪਣਾ ਗਿਆਨ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਸਨ ਅਤੇ ਸਾਂਝਾ ਕੀਤਾ ਵੀ। ਲੋਕਾਂ ਦੀ ਬੋਲੀ ਵਿਚ ਹੀ ਲੋਕਾਂ ਨੂੰ ਗਿਆਨ ਦਿੱਤਾ। ਪ੍ਰਚਾਰ ਲਈ ਕੀਤੇ ਬਾਬਾ ਨਾਨਕ ਦੇ ਸਫ਼ਰਾਂ ਨੂੰ 'ਉਦਾਸੀਆਂ' ਕਿਹਾ ਜਾਂਦਾ ਹੈ। ਬਾਬਾ ਨਾਨਕ ਨੇ ਅਕਸਰ, ਭਾਈ ਬਾਲਾ ਤੇ ਮਰਦਾਨਾ ਨੂੰ ਨਾਲ ਲੈ ਕੇ ਹੀ ਉਦਾਸੀਆਂ ਕੀਤੀਆਂ। ਇਨ੍ਹਾਂ ਉਦਾਸੀਆਂ ਦੇ ਦੌਰਾਨ ਕਈਆਂ ਨੇ ਬਾਬੇ ਦੇ ਧਰਮ ਦੀ ਸ਼ਰਨ ਲਈ। ਅਖ਼ੀਰ ਵਿਚ, ਕਰਤਾਰਪੁਰ ਸਾਹਿਬ (ਹੁਣ, ਜ਼ਿਲਾ ਸਿਆਲਕੋਟ, ਪਾਕਿਸਤਾਨ) ਆ ਗਏ। ਕੋਈ 70 ਵਰ੍ਹੇ ਦੀ ਉਮਰ ਵਿਚ ਸੰਨ 1539 ਵਿਚ ਚੋਲਾ ਤਿਆਗਿਆ। ਹਾਂ, ਚੋਲਾ ਤਿਆਗਣ ਤੋਂ ਪਹਿਲਾਂ ਗੁਰੂ ਅੰਗਦ (1504-1552), ਨੂੰ ਆਪਣੀ ਗੱਦੀ ਬਖਸ਼ੀ। ਗੁਰੂ ਅੰਗਦ ਸਾਹਿਬ ਤੋਂ ਬਾਅਦ ਆਖ਼ਰੀ ਗੁਰੂ, ਗੁਰੂ ਗੋਬਿੰਦ ਸਿੰਘ ਸਮੇਤ ਅੱਠ ਹੋਰ ਗੁਰੂ ਹੋਏ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ : (iii) ਗੁਰੂ ਅਮਰ ਦਾਸ (1479-1574); (iv) ਗੁਰੂ ਰਾਮ ਦਾਸ (1534-1581); (v) ਗੁਰੂ ਅਰਜਨ ਦੇਵ (1563-1606); (vi) ਗੁਰੂ ਹਰਿ ਗੋਬਿੰਦ (1595-1645), (vii) ਗੁਰੂ ਹਰਿ ਰਾਏ (1631-1661); (viii) ਗੁਰੂ ਹਰਿ ਕ੍ਰਿਸ਼ਨ (1656-1664); (ix) ਗੁਰੂ ਤੇਗ ਬਹਾਦਰ (1622-1675) ਤੇ (x) ਗੁਰੂ ਗੋਬਿੰਦ ਸਿੰਘ (1666-1708)। ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਤੇ ਭਗਤ ਬਾਣੀ ਦਾ ਇਕ ਸੰਗ੍ਰਹਿ 1604 ਈ. ਵਿਚ ਤਿਆਰ ਕੀਤਾ ਇਸ ਪੋਥੀ ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਦੀ ਪਦਵੀ ਦੇ ਕੇ ਗੁਰਿਆਈ ਦੀ ਪਰੰਪਰਾ ਨੂੰ ਨਵਾਂ ਮੋੜ ਦਿੱਤਾ। ਗੁਰੂ ਅਰਜਨ ਦੇਵ ਵਾਲੀ ਪੋਥੀ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਹੀਂ ਸੀ। ਪਰ ਜਿਸ ਪੋਥੀ ਨੂੰ ਗੁਰਿਆਈ ਦਿੱਤੀ ਗਈ ਉਸ ਵਿੱਚ ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਮਲ ਕਰ ਲਈ। ਦਸਵੇਂ ਗੁਰੂ ਸਾਹਿਬ ਨੇ ਆਪਣੀ ਬਾਣੀ ਇਸ ਗ੍ਰੰਥ ਵਿਚ ਸ਼ਾਮਲ ਨਹੀਂ ਕੀਤੀ। ਇਸ ਵਿਚ ਪਹਿਲੇ ਪੰਜਾਂ ਗੁਰੂਆਂ ਦੀ ਬਾਣੀ, ਨੌਵੇਂ ਗੁਰੂ ਦੀ ਬਾਣੀ ਅਤੇ ਫਰੀਦ, ਨਾਮਦੇਵ, ਰਵਿਦਾਸ, ਕਬੀਰ, ਧੰਨੇ ਤੇ ਪੀਪੇ ਆਦਿ ਭਗਤਾਂ ਦੀ ਬਾਣੀ ਸ਼ਾਮਿਲ ਹੈ। ਇਹ ਇੱਕੋ-ਇੱਕ ਧਾਰਮਿਕ ਗ੍ਰੰਥ ਹੈ ਜਿਸ ਨੂੰ ਬਾਕਾਇਦਾ ਪਾਲਕੀ ਵਿਚ ਰੱਖ ਕੇ ਪੂਜਿਆ ਜਾਂਦਾ ਹੈ, ਸਿੱਖ ਮੱਥਾ ਟੇਕਦੇ ਹਨ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਿੱਖਾਂ ਦੇ ਦਸਵੇਂ ਗੁਰੂ ਤੱਕ ਸਿੱਖ ਮਜ਼ਹਬ ਵਿਚ ਕਈ ਤਰ੍ਹਾਂ ਦੇ ਵਿਕਾਸ-ਪੜਾਅ ਆਏ। ਗੁਰੂ ਗੋਬਿੰਦ ਸਿੰਘ ਨੂੰ ਇਸ ਪ੍ਰਕਾਰ ਦੇ ਵਿਕਾਸ ਦਾ ਸਿਖਰ ਮੰਨਿਆ ਜਾਣਾ ਉਚਿਤ ਹੈ। ਗੁਰੂ ਗੋਬਿੰਦ ਸਿੰਘ ਦਾ ਜਨਮ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਸੰਨ 1666 ਨੂੰ ਮਾਤਾ ਗੁਜਰੀ ਦੀ ਕੁੱਖੋਂ ਪਟਨਾ ਸਾਹਿਬ (ਬਿਹਾਰ) ਵਿਚ ਹੋਇਆ। ਔਰੰਗਜ਼ੇਬ ਦੇ ਹੁਕਮ ਨਾਲ ਆਪ ਦੇ ਪਿਤਾ ਦੀ ਸ਼ਹੀਦੀ ਹੋਈ। ਉਸ ਤੋਂ ਪਿੱਛੋਂ ਆਪ ਗੁਰੂ ਗੱਦੀ ਉੱਪਰ ਬੈਠੇ। ਇਸ ਤੋਂ ਪਹਿਲਾਂ ਪੰਜਵੇਂ ਗੁਰੂ ਅਰਜਨ ਦੇਵ ਜੀ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਕੀਤੇ ਜਾ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਹੋਰਾਂ ਧਰਮ ਯੁੱਧ ਲਈ ਕਲਮ ਅਤੇ ਤਲਵਾਰ ਦੋਹਾਂ ਨੂੰ ਵਰਤੋਂ ਵਿਚ ਲਿਆਂਦਾ। ਸੰਨ 1699 ਦੀ ਵੈਸਾਖੀ ਵਾਲੇ ਦਿਨ ਉਨ੍ਹਾਂ ਨੇ ਖ਼ਾਲਸਾ ਸਾਜਿਆ। ਉਸ ਦਿਨ ਸੰਗਤ ਵਿਚ ਨੰਗੀ ਤਲਵਾਰ ਲੈ ਕੇ ਸਿਰ ਮੰਗੇ। ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੁਹਕਮ ਚੰਦ, ਭਾਈ ਹਿੰਮਤ ਰਾਏ ਤੇ ਭਾਈ ਸਾਹਿਬ ਚੰਦ ਵਾਰੀ-ਵਾਰੀ ਸੀਸ ਭੇਟ ਕਰਨ ਲਈ ਉਠੇ। ਇਨ੍ਹਾਂ ਪੰਜਾਂ ਨੂੰ 'ਪੰਜ ਪਿਆਰੇ' ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਵਾਂ ਨਾਲ ਸਿੰਘ ਜੋੜ ਕੇ ਤੇ ਅੰਮ੍ਰਿਤ ਛਕਾ ਕੇ ਖ਼ਾਲਸਾ ਤਿਆਰ ਕੀਤਾ ਗਿਆ। ਖ਼ਾਲਸੇ ਨੂੰ ਕੱਛਾ, ਕੜਾ, ਕ੍ਰਿਪਾਨ, ਕੰਘਾ ਤੇ ਕੇਸ ਰੱਖਣ ਦੀ ਹਦਾਇਤ ਕੀਤੀ। ਫੇਰ ਗੁਰੂ ਗੋਬਿੰਦ ਸਿੰਘ ਦੀ ਕਮਾਨ ਹੇਠ ਖਾਲਸਾ ਜ਼ੁਲਮ ਦੇ ਖਿਲਾਫ਼ ਜੂਝਿਆ। ਇਨ੍ਹਾਂ ਦੀਆਂ ਪ੍ਰਸਿੱਧ ਕਿਰਤਾਂ 'ਜਾਪੁ', 'ਅਕਾਲ ਉਸਤਤਿ', 'ਸਵਯੇ', 'ਚੌਪਈ', 'ਵਾਰ ਸ੍ਰੀ ਭਗਉਤੀ ਜੀ ਕੀ' ਤੇ 'ਜ਼ਫ਼ਰਨਾਮਾ', ਆਦਿ 'ਦਸਮ ਗ੍ਰੰਥ' ਵਿੱਚ ਸ਼ਾਮਿਲ ਹਨ।

ਗੁਰੂ ਨਾਨਕ ਸਾਹਿਬ ਨੇ ਆਪਣੀ ਕਿਰਤ 'ਜਪੁ' ਵਿਚ ਇਕ ਪ੍ਰਸ਼ਨ ਖੜਾ ਕੀਤਾ ਸੀ ਕਿ 'ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ' ? ਤੇ ਆਪ ਹੀ ਇਸ ਪ੍ਰਸ਼ਨ ਦਾ ਉੱਤਰ ਦੇਂਦਿਆਂ ਫ਼ਰਮਾਇਆ ਸੀ ਕਿ, 'ਹੁਕਮ ਰਜਾਈ ਚਲਣਾ, ਨਾਨਕ ਲਿਖਿਆ ਨਾਲਿ' ਅਰਥਾਤ 'ਸਚਿਆਰਾ' ਲਈ ਇਹ ਜ਼ਰੂਰੀ ਹੈ ਕਿ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਵੱਲ ਸਿੱਖਿਆ ਜਾਵੇ। ਬੁਨਿਆਦੀ ਗੱਲ ਸਚਿਆਰਾ ਹੋਣ ਦੀ ਹੈ। ਵਾਹਿਗੁਰੂ ਦਾ ਹੁਕਮ ਮੰਨ ਕੇ ਹੀ ਕੋਈ ਸਾਧਕ ਸਚਿਆਰਾ ਬਣ ਸਕਦਾ ਹੈ। ਹੁਕਮ ਵਿਚ ਰਹਿਣ ਵਾਲੇ ਨੂੰ ਗੁਰਮੁਖ ਬਣਿਆ ਦੱਸ ਕੇ ਵਡਿਆਇਆ ਗਿਆ ਹੈ। ਕੋਈ ਹੁਕਮ ਵਿਚ ਰਹਿਕੇ ਗੁਰਮੁਖ ਬਣਿਆ ਹੈ ਕਿ ਨਹੀਂ ਇਸ ਦਾ ਪਤਾ ਉਸ ਦੇ ਚਿਤ ਦੀ ਬਿਰਤੀ ਤੋਂ ਹੀ ਲਾਇਆ ਜਾ ਸਕਦਾ ਹੈ। ਗੁਰਮੁਖ ਦੇ ਚਿਤ ਦੇ ਲੱਛਣ ਹੁੰਦੇ ਹਨ—ਸੱਚ, ਸੰਤੋਖ, ਦਇਆ ਤੇ ਗਿਆਨ। ਹੁਕਮ ਤੋਂ ਬੇਮੁਖ ਹੋ ਕੇ ਜੀਵਨ ਜੀਉਣ ਵਾਲੇ ਨੂੰ 'ਮਨਮੁਖ' ਕਹਿ ਕੇ ਨਿੰਦਿਆ ਗਿਆ ਹੈ। ਮਨਮੁਖ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੀ ਪ੍ਰਧਾਨਤਾ ਹੁੰਦੀ ਹੈ। ਉਸ ਦੀਆਂ ਸਾਰੀਆਂ ਗਤੀ ਵਿਧੀਆਂ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਸੇਧ ਪ੍ਰਾਪਤ ਕਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸੰਤ-ਸਿਪਾਹੀ ਦਾ ਆਦਰਸ਼ ਪੇਸ਼ ਕੀਤਾ। ਦੂਜੇ ਸ਼ਬਦਾਂ ਵਿਚ ਗੁਰੂ ਨਾਨਕ ਸਾਹਿਬ ਦੇ ਗੁਰਮੁਖ ਦੇ ਹੱਥਾਂ ਵਿਚ ਤਲਵਾਰ ਫੜਾ ਦਿੱਤੀ। ਹੱਥ ਵਿਚ ਤਲਵਾਰ ਤਾਂ ਹੈ ਪਰ ਮਨ ਵਿਚ ਕ੍ਰੋਧ ਨਹੀਂ, ਲੋਭ ਨਹੀਂ। ਮਨ ਵਿੱਚ ਅਥਾਹ ਦਇਆ ਹੈ। ਯੁੱਧ ਖੇਤਰ ਵਿਚ ਦੁਸ਼ਮਨਾਂ ਨੂੰ ਵੀ ਪਾਣੀ ਪਿਲਾਉਣ ਵਾਲਾ ਭਾਈ ਕਨ੍ਹੱਯਾ ਇਸੇ ਆਦਰਸ਼ ਦਾ ਹੀ ਇਕ ਰੂਪ ਸੀ।

ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਗੁਰੂ ਅਰਜਨ ਦੇਵ ਤੇ ਗੁਰੂ ਤੇਗ਼ ਬਾਹਾਦਰ ਸਾਹਿਬ ਦੀ ਸ਼ਹੀਦੀ ਦੇ ਪੁਰਬ ਸਿੱਖ ਬੜੇ ਜੋਸ਼ ਨਾਲ ਮਨਾਉਂਦੇ ਹਨ। ਅਨੇਕ ਸਿੱਖ ਦਿਵਾਲੀ ਤੇ ਹੋਲੀ ਵਰਗੇ ਤਿਉਹਾਰ ਵੀ ਮਨਾਉਂਦੇ ਹਨ। ਨਨਕਾਣਾ ਸਾਹਿਬ, ਪੰਜਾ ਸਾਹਿਬ (ਦੋਵੇਂ ਪਾਕਿਸਤਾਨ ਵਿੱਚ) ਅੰਮ੍ਰਿਤਸਰ, ਅਨੰਦਪੁਰ ਸਾਹਿਬ, ਹਜ਼ੂਰ ਸਾਹਿਬ ਤੇ ਹੇਮਕੁੰਟ ਸਾਹਿਬ ਸਿੱਖਾਂ ਦੇ ਕੁੱਝ ਪ੍ਰਸਿੱਧ ਤੀਰਥ ਹਨ। ਭਾਰਤ ਵਿਚ ਸਿੱਖਾਂ ਦੀ ਕੁੱਲ ਗਿਣਤੀ ਇਕ ਕਰੋੜ ਦੇ ਲਗ-ਭਗ ਦੱਸੀ ਜਾਂਦੀ ਹੈ।

ਹੇਠ ਦਿੱਤੇ ਸਵਾਲਾਂ ਦੇ ਸੰਖੇਪ ਜਵਾਬ ਲਿਖੋ। ਉੱਤਰਾਂ ਲਈ ਥਾਂ ਛੱਡੀ ਹੋਈ ਹੈ

1 ਗੁਰੂ ਨਾਨਕ ਸਾਹਿਬ ਦਾ ਜਨਮ ਕਿਸ ਸਾਲ ਵਿਚ ਤੇ ਕਿੱਥੇ ਹੋਇਆ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਗੁਰੂ ਅਰਜਨ ਦੇਵ ਨੇ ਕਿਹੜੇ ਸੰਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਆਦਿ ਰੂਪ, ਅਰਥਾਤ 'ਪੋਥੀ' ਦਾ ਸੰਪਾਦਨ ਕੀਤਾ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਖ਼ਾਲਸੇ ਦੀ ਸਿਰਜਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਪੰਜਾਂ ਪਿਆਰਿਆਂ ਦੇ ਨਾਂ ਲਿਖੋ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

5 ਸਿੱਖਾਂ ਦੇ ਪ੍ਰਮੁੱਖ ਤੀਰਥ ਕਿਹੜੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

ਨੋਟ : ਉੱਤਰ ਅੰਤ ਵਿੱਚ ਦਿੱਤੇ ਹੋਏ ਹਨ। ਆਪਣੇ ਉੱਤਰ ਉਨ੍ਹਾਂ ਨਾਲ ਮੇਲੋ।

### 6.2.5 ਈਸਾਈ ਮਜ਼ਹਬ

ਹੁਣ ਤਕ ਅਸੀਂ ਭਾਰਤ ਵਿਚ ਪੈਦਾ ਹੋਏ ਮਜ਼ਹਬਾਂ ਦੀ ਗੱਲ ਕੀਤੀ ਹੈ ਪਰ ਭਾਰਤ ਵਿਚ ਕੁੱਝ ਅਜਿਹੇ ਮਜ਼ਹਬ ਵੀ ਪ੍ਰਚਲਿਤ ਹਨ ਜਿਨ੍ਹਾਂ ਦਾ ਜਨਮ ਇਸ ਦੇਸ਼ ਤੋਂ ਬਾਹਰ ਹੋਇਆ ਸੀ। ਇਨ੍ਹਾਂ ਵਿੱਚੋਂ ਪ੍ਰਸਿੱਧ ਹਨ—ਈਸਾਈ ਮਜ਼ਹਬ ਤੇ ਇਸਲਾਮ। ਪਹਿਲਾਂ ਅਸੀਂ ਈਸਾਈ ਮਜ਼ਹਬ ਬਾਰੇ ਦੱਸਾਂਗੇ।

ਈਸਾਈ ਮਜ਼ਹਬ ਦੇ ਬਾਨੀ ਯਸੂ ਮਸੀਹ ਦਾ ਜਨਮ ਬੀਬੀ ਮੇਰੀ ਦੀ ਕੁੱਖੋਂ ਹੋਇਆ। ਬੀਬੀ ਮੇਰੀ ਗਲੀਲੀ (Galilee) ਵਿੱਚ ਨਾਜ਼ਰੇਥ (Nazareth)ਨਾਂ ਦੇ ਸ਼ਹਿਰ ਵਿਚ ਰਹਿੰਦੀ ਸੀ। ਉਹ ਕੁਆਰੀ ਸੀ ਤੇ ਜੋਜ਼ਫ ਨਾਂ ਦੇ ਲੜਕੇ ਨਾਲ ਮੰਗੀ ਹੋਈ ਸੀ। ਜਬਰਈਲ ਫ਼ਰਿਸ਼ਤੇ ਨੇ ਮੇਰੀ ਨੂੰ ਦੱਸਿਆ ਕਿ ਤੇਰੇ ਉੱਤੇ ਰੱਬ ਦੀ ਬੜੀ ਕਿਰਪਾ ਹੋਈ ਹੈ। ਤੇਰੀ ਕੁੱਖੋਂ ਲੜਕਾ ਹੋਵੇਗਾ ਜਿਸ ਦਾ ਨਾਂ ਜੀਸਸ (ਜਾਂ ਯਸੂ) ਰੱਖਣਾ ਹੋਵੇਗਾ। ਮੇਰੀ ਦੇ ਪੁੱਛਣ ਉੱਤੇ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ, ਕਿਉਂਕਿ, ਉਹ ਤਾਂ ਕੁਆਰੀ ਹੈ। ਫ਼ਰਿਸ਼ਤੇ ਨੇ ਇਹ ਖ਼ਬਰ ਦਿੱਤੀ ਕਿ "ਹੋਲੀ ਘੋਸਟ" (Holy Ghost) ਆਪ ਤੇਰੀ ਕੁੱਖ ਵਿੱਚ ਪ੍ਰਵੇਸ਼ ਕਰੇਗਾ ਤੇ ਏਦਾਂ ਪੈਦਾ ਹੋਣ ਵਾਲਾ ਬਾਲ 'ਰੱਬ ਦਾ ਪੁੱਤਰ' ਅਖਵਾਏਗਾ। ਫ਼ਰਿਸ਼ਤੇ ਨੇ ਜੋਜ਼ਫ ਨੂੰ ਵੀ, ਨੀਂਦਰ ਵਿਚ, ਇਸ ਸਾਰੇ ਭੇਦ ਤੋਂ ਜਾਣੂ ਕਰਵਾ ਦਿੱਤਾ।

ਉਨ੍ਹਾਂ ਦਿਨਾਂ ਵਿੱਚ ਰੋਮ ਦੇ ਬਾਦਸ਼ਾਹ, ਸੀਜ਼ਰ ਆਗਸਟਸ ਨੇ, ਇਹ ਫ਼ਰਮਾਨ ਜਾਰੀ ਕੀਤਾ ਕਿ ਰਿਆਇਆ ਦਾ ਹਰ ਬੰਦਾ ਆਪਣਾ ਨਾਂ ਤੇ ਵੇਰਵਾ ਸਰਕਾਰੀ ਦਫ਼ਤਰ ਵਿਚ ਦਰਜ ਕਰਵਾਏ। ਇਸ ਕੰਮ ਲਈ ਮੇਰੀ ਤੇ ਜੋਜ਼ਫ ਨੂੰ ਬੈਥਲਮ ਪਹੁੰਚਣਾ ਪਿਆ। ਹੋਰ ਵੀ ਅਨੇਕਾਂ ਲੋਕ ਇਸੇ ਕੰਮ ਲਈ ਬੈਥਲਮ ਪਹੁੰਚੇ ਹੋਏ ਸਨ, ਜਿਸ ਕਰਕੇ ਸ਼ਹਿਰ ਵਿਚ ਬਹੁਤ ਭੀੜ ਹੋ ਗਈ, ਜਿਸ ਕਰਕੇ ਉਨ੍ਹਾਂ ਨੂੰ ਸ਼ਹਿਰੋਂ ਬਾਹਰ ਇਕ ਅਸਤਬਲ ਵਿਚ ਰਹਿਣਾ ਪਿਆ। ਮੇਰੀ ਨੇ ਇਸ ਅਸਤਬਲ ਵਿਚ ਹੀ ਬੱਚੇ ਨੂੰ ਜਨਮ ਦਿੱਤਾ ਤੇ ਪੋਤੜਿਆਂ ਵਿਚ ਵਲ੍ਹੇਟ ਕੇ ਖੁਰਲੀ ਵਿਚ ਟਿਕਾ ਦਿੱਤਾ।

ਯਸੂ ਮਸੀਹ ਦੇ ਜਨਮ ਵੇਲੇ ਜੂਡੀਆ (Judea) ਉੱਤੇ ਹੈਰਡ (Herod) ਨਾਂ ਦੇ ਰਾਜੇ ਦਾ ਰਾਜ ਸੀ। ਉਨ੍ਹਾਂ ਦਿਨੀਂ ਪੂਰਬ ਵੱਲੋਂ ਤਿੰਨ ਸੰਤ ਯਰੋਸਲਮ (Jerusalem) ਪਹੁੰਚੇ। ਇਨ੍ਹਾਂ ਨੇ ਉਥੇ ਆ ਕੇ ਪੁੱਛ-ਗਿੱਛ ਕੀਤੀ ਸੀ ਕਿ ਯਹੂਦੀਆਂ ਦੇ ਬਾਦਸ਼ਾਹ ਨੇ ਕਿੱਥੇ ਜਨਮ ਲਿਆ ਹੈ ? ਉਨ੍ਹਾਂ ਨੇ ਪੂਰਬ ਵਿਚ ਉਸ ਦਾ ਤਾਰਾ ਡਿੱਠਾ ਸੀ। ਇਹ ਸੁਣ ਕੇ ਹੈਰਡ ਨੂੰ ਬੜੀ ਚਿੰਤਾ ਲੱਗੀ। ਉਸ ਨੇ ਸਭ ਦਾਨਿਆਂ ਤੇ ਨਜੂਮੀਆਂ ਨੂੰ ਸੱਦ ਘਲਿਆ ਕਿ ਦੱਸੋ ਮਸੀਹ ਨੇ ਕਿੱਥੇ ਪੈਦਾ ਹੋਣਾ ਹੈ ? ਉਨ੍ਹਾਂ ਨੇ ਦੱਸਿਆ ਕਿ ਲਿਖਤਾਂ ਅਨੁਸਾਰ ਤਾਂ ਉਸ ਦਾ ਜਨਮ ਬੈਥਲਮ ਵਿਚ ਹੀ ਹੋਣਾ ਚਾਹੀਦਾ ਹੈ। ਹੈਰਡ ਨੇ ਉਨ੍ਹਾਂ ਤਿੰਨਾਂ ਸੰਤਾਂ ਨੂੰ ਤਾਕੀਦ ਕੀਤੀ ਕਿ ਉਹ ਮਸੀਹ ਨੂੰ ਲੱਭਣ ਤਾਂ ਜੋ ਉਹ ਵੀ ਉਸ ਦੇ ਦਰਸ਼ਨ ਕਰ ਸਕੇ। ਤਿੰਨੇ ਬੈਥਲਮ ਪਹੁੰਚੇ ਤੇ ਜਾ ਕੇ ਮਸੀਹ ਦੇ ਦਰਸ਼ਨ ਕੀਤੇ। ਉਨ੍ਹਾਂ ਨੂੰ ਸੁਫ਼ਨੇ ਵਿਚ ਰੱਬੀ ਹਦਾਇਤ ਹੋਈ ਕਿ ਉਹ ਹੈਰਡ ਨੂੰ ਕੁੱਝ ਨਾ ਦੱਸਣ। ਇਸ ਤਰ੍ਹਾਂ ਜੀਸਸ ਹੈਰਡ ਦੀ ਕਰੋਪੀ ਤੋਂ ਬਚ ਗਿਆ। ਸੰਤ ਮੁੜੇ ਨਾ ਤਾਂ ਹੈਰਡ ਨੇ ਬੈਥਲਮ ਦੇ ਸਾਰੇ ਦੋ ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਰਨ ਦਾ ਹੁਕਮ ਦਿੱਤਾ। ਮਸੀਹ ਦੀ

ਰੱਖਿਆ ਲਈ ਫ਼ਰਿਸ਼ਤੇ ਨੇ ਜੋਜ਼ਫ ਨੂੰ ਹਦਾਇਤ ਕੀਤੀ ਕਿ ਬੱਚੇ ਤੇ ਮਾਂ ਨੂੰ ਮਿਸਰ ਲੈ ਜਾਏ। ਜੋਜ਼ਫ ਨੇ ਇਸੇ ਤਰ੍ਹਾਂ ਕੀਤਾ। ਹੈਰਡ ਦੇ ਬੰਦਿਆਂ ਨੇ ਅਨੇਕਾਂ ਬੱਚਿਆਂ ਨੂੰ ਕਤੰਲ ਕਰ ਦਿੱਤਾ। ਓਧਰ ਜੋਜ਼ਫ ਫਰਿਸ਼ਤੇ ਦੀ ਹਦਾਇਤ ਉੱਤੇ ਬੱਚੇ ਤੇ ਮਾਂ ਨੂੰ ਮਿਸਰ ਤੋਂ ਇਸਰਾਇਲ ਲੈ ਗਿਆ।

ਜਿਉਂ ਜਿਉਂ ਯਸੂ ਵੱਡਾ ਹੁੰਦਾ ਗਿਆ, ਤਿਉਂ ਤਿਉਂ ਉਸ ਦੇ 'ਰੱਬ ਦਾ ਪੁੱਤਰ' ਹੋਣ ਦੇ ਪ੍ਰਮਾਣ ਸਾਹਮਣੇ ਆਉਣ ਲੱਗ ਪਏ। ਉਹ ਬੀਮਾਰਾਂ ਨੂੰ ਹੱਥ ਦੀ ਛੂਹ ਨਾਲ ਹੀ ਠੀਕ ਕਰ ਦੇਂਦਾ, ਕੋੜ੍ਹੀ ਦਾ ਕੋੜ੍ਹ ਠੀਕ ਕਰਦਾ; ਅੰਨ੍ਹਿਆਂ ਦੀ ਨਜ਼ਰ ਬਹਾਲ ਕਰਦਾ; ਲੂਲਿਆਂ ਨੂੰ ਸਾਬਤ-ਸਬੂਤ ਬਣਾ ਦੇਂਦਾ ਤੇ ਮੋਇਆਂ ਨੂੰ ਵੀ ਨਵਾਂ ਜੀਵਨ ਦੇਂਦਾ। ਉਸ ਨੇ 'ਪਹਾੜ ਉੱਤੇ ਪ੍ਰਵਚਨ' ਦਿੱਤੇ ਜਿੰਨ੍ਹਾਂ ਦਾ ਈਸਾਈ ਮਜ਼ਹਬ ਵਿਚ ਵਿਸ਼ੇਸ਼ ਸਥਾਨ ਹੈ। ਯਸੂ ਦਾ ਮਨੋਰਥ ਆਪਣੇ ਧਰਮ ਤੋਂ ਆਮ ਲੋਕਾਂ ਨੂੰ ਜਾਣੂ ਕਰਵਾਉਣਾ ਸੀ, ਇਸ ਲਈ ਉਸ ਨੇ ਵਧੇਰੇ ਕਰਕੇ ਸਿੱਖਿਆ ਦਾਇਕ ਸਾਖੀਆਂ (Parables) ਦੀ ਵਰਤੋਂ ਕੀਤੀ। ਇਹੋ ਜਿਹੀਆਂ ਸਾਖੀਆਂ ਵਿੱਚ ਇਕ ਪ੍ਰਸਿੱਧ ਸਾਖੀ ਹੈ, 'ਫ਼ਜ਼ੂਲ ਖ਼ਰਚ ਪੁੱਤਰ ਦੀ ਵਾਪਸੀ' ਇਸ ਸਾਖੀ ਦਾ ਸਾਰ ਇਹ ਹੈ ਰੱਬ ਆਪਣੇ ਉਨ੍ਹਾਂ ਬੰਦਿਆਂ ਦੀ ਪੇਜ ਰੱਖਦਾ ਹੈ ਜੋ ਗੁਮਰਾਹ ਹੋ ਕੇ ਰੱਬ ਵੱਲ ਪਰਤ ਆਉਂਦੇ ਹਨ। ਰੱਬ ਬੜਾ ਦਿਆਲੂ ਹੈ। ਉਹ ਬਖਸ਼ਣਹਾਰ ਹੈ।

ਤੁਹਾਨੂੰ ਪਤਾ ਈ ਹੈ ਯਸੂ ਨੂੰ (ਜਿਸ ਨੂੰ 'ਈਸਾ' ਵੀ ਕਹਿੰਦੇ ਹਨ) ਸੂਲੀ ਉੱਤੇ ਚੜ੍ਹਾਇਆ ਗਿਆ ਸੀ। ਸੂਲੀ ਉੱਤੇ ਚੜ੍ਹਿਆਂ ਯਸੂ ਨੇ ਏਨਾ ਹੀ ਕਿਹਾ ਕਿ, 'ਹੇ ਪਿਤਾ-ਪ੍ਰਭੂ ! ਇਨ੍ਹਾਂ ਨੂੰ ਬਖਸ਼ ਦੇ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।' ਈਸਵੀ ਸੰਨ ਯਸੂ ਮਸੀਹ ਦੀ ਮੌਤ ਤੋਂ ਹੀ ਸ਼ੁਰੂ ਹੁੰਦਾ ਹੈ। ਬਾਈਬਲ ਵਿਚ ਇਹ ਲਿਖਿਆ ਹੈ ਕਿ ਤਿੰਨ ਦਿਨਾਂ ਮਗਰੋਂ ਯਸੂ ਮਸੀਹ ਦਾ ਪੁਨਰ-ਉਥਾਨ(Resurrection) ਹੋਇਆ, ਯਸੂ ਮੁੜ ਸੁਰਜੀਤ ਹੋਇਆ।

ਯਸੂ ਮਸੀਹ ਦੇ ਜੀਵਨ ਤੇ ਉਨ੍ਹਾਂ ਦੇ ਧਾਰਮਿਕ ਵਿਚਾਰਾਂ ਬਾਰੇ ਜਿੰਨੀ ਵੀ ਸਮੱਗਰੀ ਹੈ, ਉਹ ਸਾਰੀ ਬਾਈਬਲ ਦੇ ਦੂਜੇ ਭਾਗ 'ਨਿਊ ਟੈਸਟਾਮੈਂਟ' ਵਿੱਚੋਂ ਲਈ ਗਈ ਹੈ। ਈਸਾਈਆਂ ਦਾ ਇਹੀ 'ਨਿਊ ਟੈਸਟਾਮੈਂਟ' ਹੀ ਇੱਕੋ ਇੱਕ ਧਾਰਮਿਕ ਗ੍ਰੰਥ ਹੈ।

ਈਸਾਈ ਮਜ਼ਹਬ ਦੀ ਬੁਨਿਆਦ ਰੱਬ ਦੀ ਹਸਤੀ ਉੱਪਰ ਰੱਖੀ ਗਈ ਹੈ। ਰੱਬ ਇਕ ਹੈ। ਬੰਦਾ ਰੱਬ ਤੋਂ ਬੇਮੁਖ ਹੋ ਗਿਆ ਹੈ। ਬੰਦੇ ਦੇ ਰੱਬ ਤੋਂ ਬੇਮੁਖ ਹੋਣ ਦਾ ਕਾਰਨ ਬੰਦੇ ਦੇ ਪਾਪ ਹਨ। ਬੰਦਾ ਪਾਪੀ ਹੈ ਇਸੇ ਲਈ ਉਹ ਸਦਾਚਾਰਕ ਤੌਰ ਉੱਤੇ ਨਿਰਬਲ ਹੈ। ਇਹ ਵੀ ਸਹੀ ਹੈ ਕਿ ਬੰਦਾ ਪਾਪਾਂ ਤੋਂ ਮੁਕਤੀ ਚਾਹੁੰਦਾ ਹੈ। ਈਸਾਈ ਮਜ਼ਹਬ ਦੀ ਇਕ ਹੋਰ ਵਿਲੱਖਣ ਗੱਲ ਇਹ ਵੀ ਹੈ ਕਿ ਜੀਸਸ ਜਾਂ ਯਸੂ ਮਸੀਹ ਨੂੰ 'ਰੱਬ ਦਾ ਪੁੱਤਰ' ਮੰਨਿਆ ਗਿਆ ਹੈ, ਇਸ ਲਈ ਰੱਬ ਦੀ ਪਿਤਾ ਦੇ ਰੂਪ ਵਿਚ ਕਲਪਨਾ ਕੀਤੀ ਗਈ ਹੈ। ਜੀਸਸ, ਰੱਬ ਤੇ ਬੰਦੇ ਵਿਚਕਾਰ ਵਿਚੋਲਾ ਹੈ। ਜੀਸਸ ਦੀ ਸ਼ਰਨ ਵਿੱਚ ਜਾਣ ਨਾਲ ਬੰਦੇ ਦਾ ਰੱਬ ਨਾਲ ਮੇਲ ਹੋ ਸਕਦਾ ਹੈ। ਈਸਾਈ ਮਜ਼ਹਬ ਅਨੁਸਾਰ ਰੱਬ ਬੜਾ ਦਿਆਲੂ ਹੈ, ਉਹ ਬਖਸ਼ਣਹਾਰ ਹੈ। ਉਹ ਸ਼ਰਨ ਵਿਚ ਆਇਆਂ ਦੀ ਪੇਜ ਰੱਖਦਾ ਹੈ। ਸ਼ਰਨ ਵਿਚ ਜਾਣਾ ਰੱਬ ਦੇ ਹੁਕਮ ਦੀ ਪਾਲਣਾ ਦਾ ਹੀ ਸੂਚਕ ਹੈ।

ਸੋਲਵੀਂ ਸਦੀ ਵਿਚ ਈਸਾਈ ਮਜ਼ਹਬ ਦੇ ਇਤਿਹਾਸਕ ਪ੍ਰਵਾਹ ਵਿਚ ਇਕ ਖ਼ਾਸ ਮੋੜ ਆਇਆ। ਰੋਮਨ ਕੈਥੋਲਿਕ ਚਰਚ ਵਿਚ ਕੁੱਝ ਖ਼ਰਾਬੀਆਂ ਪੈਦਾ ਹੋ ਗਈਆਂ ਸਨ। ਇਨ੍ਹਾਂ ਦੇ ਖ਼ਿਲਾਫ ਮਾਰਟਨ ਲੂਥਰਾ (1483-1546) ਨੇ, ਜੋ ਜਰਮਨੀ ਦਾ ਵਾਸੀ ਸੀ, ਅਵਾਜ਼ ਉਠਾਈ। ਲੂਥਰ ਨੇ ਧਾਰਨਾ ਪੇਸ਼ ਕੀਤੀ ਕਿ ਬੰਦੇ ਨੂੰ ਰੱਬ ਦੀ ਪੂਜਾ ਕਰਨ ਲਈ ਕਿਸੇ ਪੁਜਾਰੀ ਵਿਚੋਲੇ ਦੀ ਲੋੜ ਨਹੀਂ। ਇਹ ਵਿਚੋਲਾ ਪਾਦਰੀ ਹੀ ਚਲਿਆ ਆ ਰਿਹਾ ਸੀ। ਲੂਥਰ ਦਾ ਵਿਚਾਰ ਸੀ ਕਿ ਰੱਬ ਤੇ ਬੰਦੇ ਵਿਚ ਸਿੱਧਾ ਰਿਸ਼ਤਾ ਹੋ ਸਕਦਾ ਹੈ ਤੇ ਹੋਣਾ ਚਾਹੀਦਾ ਹੈ। ਲੂਥਰ ਦੇ ਇਸ ਅੰਦੋਲਨ ਨੂੰ ਪ੍ਰੋਟੈਸਟੈਂਟ ਲਹਿਰ ਦਾ ਅਰੰਭ ਮੰਨਿਆ ਜਾਂਦਾ ਹੈ।

ਸੰਸਾਰ ਭਰ ਦੇ ਈਸਾਈਆਂ ਲਈ ਬੈਥਲਮ ਸਭ ਨਾਲੋਂ ਮਹਾਨ ਤੀਰਥ ਹੈ। ਇਹ ਯਸੂ ਮਸੀਹ ਦਾ ਜਨਮ-ਸਥਾਨ ਹੈ। ਈਸਾਈ ਯਸੂ ਦਾ ਜਨਮ-ਦਿਨ 25 ਦਸੰਬਰ ਨੂੰ ਮਨਾਂਦੇ ਹਨ। ਇਸੇ ਨੂੰ ਕ੍ਰਿਸਮਸ ਕਿਹਾ ਜਾਂਦਾ ਹੈ। ਇਹੀ ਈਸਾਈਆਂ ਦਾ ਸਭ ਤੋਂ ਵੱਡਾ ਤਿਉਹਾਰ ਹੈ।

**ਪੰਜਵਾਂ ਅਭਿਆਸ**

ਹੇਠ ਦਿੱਤੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਵਿੱਚ ਲਿਖੋ ।

1 ਯਸੂ ਮਸੀਹ ਦੇ ਮਾਤਾ ਤੇ ਪਿਤਾ ਦਾ ਨਾਂ ਦੱਸੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਕਿਹੜੇ ਰਾਜੇ ਨੇ ਦੋ ਸਾਲ ਤਕ ਦੀ ਉਮਰ ਦੇ ਬੱਚਿਆਂ ਨੂੰ ਜਾਨੋਂ ਮਾਰ ਦੇਣ ਦਾ ਹੁਕਮ ਦਿੱਤਾ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਯਸੂ ਮਸੀਹ ਕਤਲਾਮ ਤੋਂ ਕਿਵੇਂ ਬਚਿਆ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਮਾਰਟਨ ਲੂਥਰ ਨੇ ਕਿਸ ਲਹਿਰ ਨੂੰ ਜਨਮ ਦਿੱਤਾ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

5 ਈਸਾਈ ਜਗਤ ਵਿਚ 25 ਦਸੰਬਰ ਵਾਲੇ ਦਿਨ ਦਾ ਕੀ ਮਹੱਤਵ ਹੈ ?

. . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . .

**ਨੋਟ :** ਅੰਤ ਵਿਚ ਦਿੱਤੇ ਉੱਤਰਾਂ ਨਾਲ ਆਪਣੇ ਉੱਤਰ ਮੇਲੋ।

## 6.2.6 ਇਸਲਾਮ

ਇਸਲਾਮ ਦੀ ਬੁਨਿਆਦ ਹਜ਼ਰਤ ਮੁਹੰਮਦ ਸਾਹਿਬ ਨੇ ਰੱਖੀ ਸੀ। ਅਰਬ ਦੇਸ਼ ਵਿੱਚ ਕੁਰੈਸ਼ ਨਾਂ ਦਾ ਇਕ ਜਾਣਆ-ਪਛਾਣਿਆ ਕਬੀਲਾ ਸੀ। ਇਸੇ ਕਬੀਲੇ ਦੇ ਅਬਦੁੱਲਾ ਨਾਂ ਦੇ ਇਕ ਸਾਊ ਦੇ ਘਰ ਮੁਹੰਮਦ ਸਾਹਿਬ ਦਾ ਜਨਮ 569 ਈਸਵੀ ਵਿਚ, ਮੱਕੇ ਸ਼ਹਿਰ ਵਿਚ ਹੋਇਆ। ਇਨ੍ਹਾਂ ਦੀ ਮਾਤਾ ਦਾ ਨਾਂ ਹਜ਼ਰਤ ਆਮਿਨਾ ਸੀ। ਜਨਮ ਤੋਂ ਪਹਿਲਾਂ ਹੀ ਮੁਹੰਮਦ ਸਾਹਿਬ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਅਜੇ ਛੇ ਵਰ੍ਹਿਆਂ ਦੇ ਹੀ ਸਨ ਕਿ ਮਾਂ ਵੀ ਚਲ ਬਸੀ। ਪਾਲਣ-ਪੋਸਣ ਦੀ ਜ਼ਿੰਮੇਵਾਰੀ ਦਾਦਾ ਅਬਦੁਲ ਮੁਤਿਲਿਬ ਨੇ ਅਪਣੇ ਜ਼ਿੰਮੇ ਲਈ। ਮਸਾਂ ਅੱਠਾਂ ਵਰ੍ਹਿਆਂ ਦੇ ਹੋਏ ਹੋਣਗੇ ਕਿ ਦਾਦਾ ਵੀ ਅੱਖਾਂ ਮੀਟ ਗਏ। ਦਾਦਾ ਦੇ ਗੁਜ਼ਰ ਜਾਣ ਮਗਰੋਂ ਚਾਚਾ ਹਜ਼ਰਤ ਅਬੂ ਤਾਲਿਬ ਪਾਸ ਰਹਿਣ ਲੱਗੇ। ਅਰਬ ਵਿਚ ਇਕ ਰਿਵਾਜ ਸੀ ਕਿ ਉੱਚ ਘਰਾਣੇ ਦੇ ਸਾਰੇ ਬੱਚੇ ਬਕਰੀਆਂ ਜ਼ਰੂਰ ਚਾਰਦੇ ਸਨ। ਇਸ ਰਿਵਾਜ ਦੇ ਤਹਿਤ ਮੁਹੰਮਦ ਸਾਹਿਬ ਨੇ ਵੀ ਬਚਪਨ ਵਿਚ ਬੱਕਰੀਆਂ ਚਾਰੀਆਂ।

ਅਰਬਾਂ ਦਾ ਪ੍ਰਮੁਖ ਧੰਦਾ ਵਪਾਰ ਸੀ। ਮੁਹੰਮਦ ਸਾਹਿਬ ਦੇ ਚਾਚਾ ਹਜ਼ਰਤ ਅਬੂ ਤਾਲਿਬ ਵੀ ਵਪਾਰੀ ਸਨ। ਉਨ੍ਹਾਂ ਨੇ ਆਪਣੇ ਚਾਚੇ ਪਾਸੋਂ ਵਪਾਰ ਦੀ ਸਿੱਖਿਆ ਲਈ। ਇਕ ਸੱਚੇ ਤੇ ਇਮਾਨਦਾਰ ਵਪਾਰੀ ਹੋਣ ਕਰਕੇ ਸਭ ਲੋਕ ਆਪ ਦੀ ਬੜੀ ਇੱਜ਼ਤ ਕਰਦੇ ਸਨ। ਇਕ ਹਜ਼ਰਤ ਖ਼ਦੀਜਾ ਨਾਂ ਦੀ ਔਰਤ ਵੀ ਵਪਾਰ ਕਰਦੀ ਸੀ। ਉਸ ਨੇ ਮੁਹੰਮਦ ਸਾਹਿਬ ਦੀ ਬਹੁਤ ਸਿਫ਼ਤ ਸੁਣੀ। ਹਜ਼ਰਤ ਖ਼ਦੀਜਾ ਨੇ ਮੁਹੰਮਦ ਸਾਹਿਬ ਨੂੰ ਆਪਣੇ ਵਪਾਰ ਵਿਚ ਸਾਂਝੀਵਾਲ ਬਣਾ ਲਿਆ। ਬਾਅਦ ਵਿਚ ਹਜ਼ਰਤ ਖ਼ਦੀਜਾ ਨਾਲ ਹੀ ਆਪ ਦੀ ਸ਼ਾਦੀ ਹੋ ਗਈ।

ਇਹ ਸਹੀ ਹੈ ਕਿ ਮੁਹੰਮਦ ਸਾਹਿਬ ਵਪਾਰ ਵਿਚ ਬੜੇ ਨਿਪੁਣ ਸਨ। ਪਰ ਉਨ੍ਹਾਂ ਦੀ ਤਬੀਅਤ ਵਿਚ ਬਾਕੀ ਵਪਾਰੀਆਂ ਨਾਲੋਂ ਬਹੁਤ ਫ਼ਰਕ ਸੀ। ਆਮ ਵਪਾਰੀ ਦਾ ਇਕੋ-ਇੱਕ ਟੀਚਾ ਪੈਸਾ ਕਮਾਉਣਾ ਤੇ ਜੋੜਨਾ ਹੁੰਦਾ ਹੈ। ਮੁਹੰਮਦ ਸਾਹਿਬ ਵਪਾਰ ਤਾਂ ਕਰਦੇ ਸਨ, ਪਰ ਉਹ ਅੱਲਾਹ ਨੂੰ ਵੀ ਹਮੇਸ਼ਾ ਧਿਆਨ ਵਿੱਚ ਰੱਖਦੇ ਸਨ। 'ਰਮਜ਼ਾਨ' ਦੇ ਮਹੀਨੇ ਵਿਚ ਤਾਂ ਉਹ ਕਈ ਕਈ ਦਿਨ ਅੱਲਾਹ ਦੀ ਯਾਦ ਵਿੱਚ ਗੁਜ਼ਾਰ ਦੇਂਦੇ। ਅੱਲਾਹ ਦਾ ਧਿਆਨ ਧਰਨ ਲਈ ਇਕਾਂਤ ਬੜੀ ਜ਼ਰੂਰੀ ਹੈ। ਮੱਕੇ ਦੇ ਨੇੜੇ ਹੀ 'ਹਿਰਾ' ਨਾਂ ਦੀ ਪਹਾੜੀ ਵਿਚ ਇਕ ਗੁਫ਼ਾ ਸੀ, ਜੋ ਅੱਜ ਵੀ ਕਾਇਮ ਹੈ। ਇਸ ਗੁਫ਼ਾ ਵਿਚ ਬੈਠ ਕੇ ਅਕਸਰ ਅੱਲਾਹ ਦੀ ਇਬਾਦਤ ਕਰਦੇ। ਇਕ ਵਾਰੀ ਇਸ ਗੁਫ਼ਾ ਵਿਚ ਅੱਲਾਹ ਦੀ ਯਾਦ ਵਿਚ ਮਸਤ ਸਨ ਕਿ ਇਕ ਫਰਿਸ਼ਤਾ ਆਇਆ। ਫਰਿਸ਼ਤੇ ਨੇ ਮੁਹੰਮਦ ਸਾਹਿਬ ਨੂੰ ਪੜ੍ਹਨ ਲਈ ਕਿਹਾ। ਮੁਹੰਮਦ ਸਾਹਿਬ ਅਨਪੜ੍ਹ ਸਨ। ਫ਼ਰਿਸ਼ਤੇ ਨੇ ਦੂਜੀ ਵਾਰ ਫੇਰ ਕਿਹਾ। ਤੀਜੀ ਵਾਰ ਫ਼ਰਿਸ਼ਤੇ ਨੇ ਫੇਰ ਫ਼ਰਮਾਇਆ ਕਿ 'ਰੱਬ ਦਾ ਨਾਂ ਲੈ ਕੇ ਪੜ੍ਹ..... ਤੇਰਾ ਰੱਬ ਬੜਾ ਮਹਾਨ ਹੈ'। ਇਹੀ ਸਭ ਤੋਂ ਪਹਿਲਾ 'ਇਲਹਾਮ' ਮੰਨਿਆ ਜਾਂਦਾ ਹੈ। ਇਹ ਇਲਹਾਮ ਕੁਰਾਨ ਸ਼ਰੀਫ ਵਿਚ ਦਰਜ ਹੈ। ਮੁਹੰਮਦ ਸਾਹਿਬ ਨੇ ਇਸ ਘਟਨਾ ਦਾ ਆਪਣੀ ਵਹੁਟੀ ਹਜ਼ਰਤ ਖ਼ਦੀਜਾ ਪਾਸ ਜ਼ਿਕਰ ਕੀਤਾ। ਹਜ਼ਰਤ ਖ਼ਦੀਜਾ ਆਪ ਨੂੰ ਬਜ਼ੁਰਗ ਈਸਾਈ ਪਾਸ ਲੈ ਗਈ ਜਿਸ ਦਾ ਨਾਂ ਸੀ ਵਰਕਾ ਬਿਨ ਨੌਫ਼ਲ। ਬਜ਼ੁਰਗ ਨੇ ਦੱਸਿਆ ਕਿ ਇਹੀ ਫ਼ਰਿਸ਼ਤਾ ਹਜ਼ਰਤ ਮੂਸਾ ਕੋਲ ਆਇਆ ਸੀ। ਉਸ ਨੇ ਯਕੀਨ ਨਾਲ ਕਿਹਾ ਕਿ ਮੁਹੰਮਦ ਸਾਹਿਬ ਨੂੰ ਅੱਲਾਹ ਨੇ ਆਪਣਾ ਰਸੂਲ ਚੁਣਿਆ ਹੈ।' ਇਨ੍ਹਾਂ ਇਲਹਾਮਾਂ ਦਾ ਸਿਲਸਲਾ ਕਈ ਵਰ੍ਹੇ ਚਲਦਾ ਰਿਹਾ।

ਜਿਨ੍ਹਾਂ ਨੂੰ ਅੱਲਾਹ ਆਪ ਚੁਣਦਾ ਹੈ, ਉਨ੍ਹਾਂ ਉੱਪਰ ਅੱਲਾਹ ਦੇ ਸੁਨੇਹੇ ਲੋਕਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਹੁੰਦੀ ਹੈ। ਸੋ ਹਜ਼ਰਤ ਮੁਹੰਮਦ ਸਾਹਿਬ ਨੇ ਅੱਲਾਹ ਦੇ ਸੁਨੇਹੇ ਲੋਕਾਂ ਤੱਕ ਪਹੁੰਚਾਉਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਇਸਲਾਮ ਨੂੰ ਆਪਣੇ ਈਮਾਨ ਵਜੋਂ ਧਾਰਨ ਕਰ ਲਿਆ। ਮੁਹੰਮਦ ਸਾਹਿਬ ਨੇ ਜਿਸ ਮਜ਼ਹਬ ਦੀ ਬੁਨਿਆਦ ਰੱਖੀ ਉਸ ਨੂੰ ਇਸਲਾਮ ਕਹਿੰਦੇ ਹਨ। ਇਸਲਾਮ ਦੇ ਮਾਇਨੇ ਹਨ—ਅੱਲਾਹ ਦੇ ਹੁਕਮ ਨੂੰ ਪਰਵਾਨ ਕਰਨਾ। ਮੁਹੰਮਦ ਸਾਹਿਬ ਦੀ ਸਿੱਖਿਆ ਕਿਉਂਕਿ ਇਲਹਾਮੀ ਹੈ ਅਤੇ ਇਲਹਾਮ ਦਾ ਸੋਮਾ ਅੱਲਾਹ ਦੀ ਹਸਤੀ ਹੈ, ਇਸ ਲਈ ਮੁਹੰਮਦ ਸਾਹਿਬ ਨੂੰ ਜੋ ਜੋ ਇਲਹਾਮ ਹੋਇਆ, ਉਸ ਨੂੰ ਅੱਲਾਹ ਦਾ ਹੀ ਹੁਕਮ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸਲਾਮ ਉੱਤੇ ਵਿਸ਼ਵਾਸ ਲਿਆਉਣ ਵਾਲੇ ਨੂੰ ਮੁਸਲਿਮ ਜਾਂ 'ਮੁਸਲਮਾਨ' ਕਿਹਾ ਜਾਂਦਾ ਹੈ। ਮੁੱਢਲੇ ਸਮੇਂ ਵਿਚ ਜੋ ਜੋ ਬੰਦੇ ਇਸਲਾਮ ਵਿਚ ਈਮਾਨ ਲਿਆਏ, ਉਨ੍ਹਾਂ ਵਿਚੋਂ ਹਜ਼ਰਤ ਖ਼ਦੀਜ਼ਾ (ਮੁਹੰਮਦ ਸਾਹਿਬ ਦੀ ਬੀਵੀ), ਹਜ਼ਰਤ ਅਲੀ, ਹਜ਼ਰਤ ਅਬੂ ਬਕਰ ਤੇ ਹਜ਼ਰਤ ਜ਼ੈਤ ਬਿਨ ਹਾਰਿਸ ਦਾ ਖ਼ਾਸ ਤੌਰ ਉੱਤੇ ਜ਼ਿਕਰ ਕੀਤਾ ਜਾਂਦਾ ਹੈ। ਮੁਹੰਮਦ ਸਾਹਿਬ ਦੀ ਸਿੱਖਿਆ ਦਾ ਬੁਨਿਆਦੀ ਨੁਕਤਾ ਅੱਲਾਹ ਦੀ ਦਾਸਤਾਂ ਵਿੱਚ ਰਹਿਣਾ ਸੀ। ਅੱਲਾਹ ਹੀ ਬੰਦੇ ਦਾ ਵਹਿਦ ਮਾਲਿਕ ਹੈ। ਅੱਲਾਹ ਤੋਂ ਇਲਾਵਾ ਹੋਰ ਕਿਸੇ ਦੀ ਪੂਜਾ ਜਾਇਜ਼ ਨਹੀਂ। ਬੰਦੇ ਨੇ ਅਖ਼ੀਰ ਵਿਚ ਅੱਲਾਹ ਪਾਸ ਜਾਣਾ ਹੈ। ਅੱਲਾਹ ਨੇ ਹੀ ਬੰਦੇ ਦੇ ਕੰਮਾਂ ਦੇ ਭਲੇ-ਬੁਰੇ ਹੋਣ ਦਾ ਫ਼ੈਸਲਾ ਲੈਣਾ ਹੈ। ਜਿਨ੍ਹਾਂ ਦੀ ਚੌਧਰ ਖੁੱਸ ਜਾਂਦੀ ਸੀ, ਉਨ੍ਹਾਂ ਵੱਲੋਂ ਮੁਹੰਮਦ ਸਾਹਿਬ ਦਾ ਵਿਰੋਧ ਹੋਣ ਲੱਗਾ। ਕਈ ਵਿਰੋਧੀ ਮੁਹੰਮਦ ਸਾਹਿਬ ਦੀ ਰੂਹਾਨੀ ਸ਼ਖਸੀਅਤ ਦੇ ਪ੍ਰਭਾਵ ਹੇਠ ਉਨ੍ਹਾਂ ਦੇ ਮੁਰੀਦ ਵੀ ਹੋ ਗਏ। ਅਨੀਸ, ਅਬੂਜ਼ਰ, ਤੇ ਹਜ਼ਰਤ ਉਮਰ ਆਦਿ ਕੁੱਝ ਇਹੋ ਜਿਹੇ ਹੀ ਵਿਰੋਧੀ ਸਨ ਜਿਨ੍ਹਾਂ ਅੰਤ ਵਿਚ ਇਸਲਾਮ ਧਾਰਨ ਕੀਤਾ। ਇੱਕ ਸਮੇਂ ਆਪ ਦਾ ਵਿਰੋਧ ਏਨਾ ਵਧ ਗਿਆ ਕਿ ਆਪ ਨੂੰ ਮੱਕਾ ਛੱਡ ਕੇ ਮਦੀਨੇ ਜਾਣਾ ਪਿਆ। ਮੱਕੇ ਤੋਂ ਮਦੀਨੇ ਜਾਣ ਦੀ ਇਸ ਘਟਨਾ ਨੂੰ ਇਸਲਾਮ ਵਿਚ 'ਹਿਜ਼ਰਤ' ਕਰ ਕੇ ਜਾਣਿਆ ਜਾਂਦਾ ਹੈ। ਜਦੋਂ ਕੋਈ ਬੰਦਾ ਦੀਨ ਦੀ ਖਾਤਰ ਆਪਣਾ ਮੁਲਕ ਛੱਡ ਕੇ ਕਿਸੇ ਹੋਰ ਮੁਲਕ ਵਿਚ ਚਲਾ ਜਾਵੇ, ਤਾਂ ਕਿਹਾ ਜਾਂਦਾ ਹੈ ਕਿ ਫ਼ਲਾਣਾ 'ਹਿਜਰਤ ਕਰ ਗਿਆ ਹੈ'। ਮੁਹੰਮਦ ਸਾਹਿਬ ਵੀ ਇਸਲਾਮ ਦੀ ਖ਼ਾਤਰ, ਇਸ ਦੇ ਪ੍ਰਚਾਰ ਦੀ ਖ਼ਾਤਰ, ਆਪਣੇ ਪੈਰੋਕਾਰਾਂ ਨੂੰ ਨਾਲ ਲੈ ਕੇ, ਮੱਕੇ ਤੋਂ ਮਦੀਨੇ ਗਏ ਸਨ। ਇਹ ਘਟਨਾ ਸੰਨ 622 ਈਸਵੀ ਦੀ ਹੈ। ਸੰਨ 622

ਤੋਂ ਹੀ ਇਸਲਾਮ ਵਿਚ 'ਹਿਜਰੀ ਸੰਨ' ਸ਼ੁਰੂ ਹੋਇਆ। ਹਿਜਰਤ ਤੋਂ ਪਿੱਛੋਂ ਵੀ ਮੁਹੰਮਦ ਸਾਹਿਬ ਦਾ ਵਿਰੋਧ ਜਾਰੀ ਰਿਹਾ। 'ਬਦ੍ਰ', ਖੰਦਕ, ਖ਼ੈਬਰ, ਹੁਨੈਨ ਤੇ ਹਬੂਕ ਆਦਿ ਦੀਆਂ ਲੜਾਈਆਂ ਮੁਹੰਮਦ ਸਾਹਿਬ ਨੂੰ ਲੜਨੀਆਂ ਪਈਆਂ। ਅਖ਼ੀਰ ਜਿੱਤ ਹਜ਼ਰਤ ਸਾਹਿਬ ਦੀ ਹੋਈ। ਉਹ ਵਾਪਸ ਮੱਕੇ ਵਿਚ ਆਏ ਤੇ ਕਾਅਬੇ ਵਿਚ ਪਏ ਬੁੱਤ ਤੋੜ ਕੇ ਉਸ ਨੂੰ ਮਸੀਤ ਦਾ ਰੂਪ ਦੇਣ ਵਿਚ ਸਫ਼ਲ ਹੋਏ।

ਸੰਨ 12 ਹਿਜਰੀ ਵਿਚ ਲਗਭਗ 65 ਵਰ੍ਹਿਆਂ ਦੀ ਉਮਰ ਵਿਚ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ।

ਇੱਕੋ ਅੱਲਾਹ ਦੀ ਹਸਤੀ ਵਿਚ ਯਕੀਨ ਹੀ ਇਸਲਾਮ ਦਾ ਬੁਨਿਆਦੀ ਸਿੱਧਾਂਤ ਹੈ। ਮੁਹੰਮਦ ਸਾਹਿਬ ਅੱਲਾਹ ਦੇ ਰਸੂਲ ਹਨ, ਹਰ ਮੁਸਲਮਾਨ ਨੂੰ ਇਸ ਗੱਲ ਉੱਤੇ ਵੀ ਈਮਾਨ ਲਿਆਉਣਾ ਜ਼ਰੂਰੀ ਹੈ। ਰੋਜ਼ਾ (ਵਰਤ), ਨਮਾਜ਼ ਤੇ ਜ਼ਕਾਤ (ਦਾਨ) ਦੀ ਪਾਲਣਾ ਵੀ ਹਰ ਸੱਚੇ ਮੁਸਲਮਾਨ ਲਈ ਜ਼ਰੂਰੀ ਹੈ। ਇਨ੍ਹਾਂ ਦੀ ਸੱਚੇ ਦਿੱਲੋਂ ਪਾਲਣਾ ਬੰਦੇ ਦੇ ਮਨ ਨੂੰ ਪਵਿੱਤਰ ਕਰਦੀ ਹੈ ਅਤੇ ਇਹ ਪਵਿਤਰਤਾ ਅੱਲਾਹ ਦੀ ਦਰਗਾਹ ਵਿਚ ਪਹੁੰਚਣ ਵਿਚ ਸਹਾਈ ਹੁੰਦੀ ਹੈ।

ਇਸਲਾਮ ਵਿਚ ਕੁਰਾਨ ਸ਼ਰੀਫ ਤੋਂ ਅਲਾਵਾ ਹਦੀਸਾਂ ਦਾ ਵੀ ਬੜਾ ਆਦਰ ਹੈ। ਕੁਰਾਨ ਸ਼ਰੀਫ ਵਿਚ ਤਾਂ ਕੇਵਲ ਉਹ ਕੁੱਝ ਦਰਜ ਹੈ ਜੋ ਅੱਲਾਹ ਨੇ ਫ਼ਰਮਾਇਆ। ਜੋ ਸਮੇਂ ਸਮੇਂ ਸਿਰ ਮੁਹੰਮਦ ਸਾਹਿਬ ਨੇ ਫ਼ਰਮਾਇਆ ਜਾਂ ਕੀਤਾ, ਉਹ ਸਾਰਾ ਕੁੱਝ ਹਦੀਸਾਂ ਵਿਚ ਦਰਜ ਹੈ। ਹਦੀਸ ਦੇ ਸ਼ਾਬਦਿਕ ਅਰਥ ਹਨ, "ਬਾਤ"। ਯਾਨੀ ਹਦੀਸਾਂ, ਮੁਹੰਮਦ ਸਾਹਿਬ ਦੇ ਕਥਨਾਂ ਤੇ ਕਰਨੀਆਂ ਦੀਆਂ 'ਬਾਤਾਂ' ਹਨ। ਕੁਰਾਨ ਸ਼ਰੀਫ ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿਚ ਹੀ, ਉਨ੍ਹਾਂ ਦੇ ਹੁਕਮ ਅਨੁਸਾਰ, ਲਿਖਤੀ ਰੂਪ ਵਿੱਚ ਆ ਚੁੱਕਾ ਸੀ। ਹਦੀਸਾਂ, ਬਾਅਦ ਵਿੱਚ ਅੰਕਿਤ ਕੀਤੀਆਂ ਗਈਆਂ।

ਇਸਲਾਮ ਵਿਚ ਵੀ ਹੋਰ ਅਨੇਕਾਂ ਮਜ਼ਹਬਾਂ ਵਾਂਗ ਦੋ ਵੱਡੇ ਧੜੇ ਮੌਜੂਦ ਹਨ - ਸੁੰਨੀ ਤੇ ਸ਼ੀਆ। ਇਨ੍ਹਾਂ ਦੋਹਾਂ ਵਿਚਲਾ ਬੁਨਿਆਦੀ ਮਤਭੇਦ ਖ਼ਲੀਫ਼ਿਆਂ ਦੀ ਪਰੰਪਰਾ ਨਾਲ ਸੰਬੰਧਿਤ ਹੈ। ਹਜ਼ਰਤ ਮੁਹੰਮਦ ਸਾਹਿਬ, ਇੱਕੋ ਵੇਲੇ, ਮਜ਼ਹਬ ਤੇ ਸਿਆਸਤ ਦੋਹਾਂ ਜੀਵਨ ਖੇਤਰਾਂ ਦੇ ਮੁਖੀ ਸਨ। ਉਨ੍ਹਾਂ ਦੇ ਚਲਾਣੇ ਮਗਰੋਂ ਇਸਲਾਮ ਦੀ ਵਾਗਡੋਰ ਸੰਭਾਲਣ ਵਾਲਿਆਂ ਨੂੰ ਖ਼ਲੀਫ਼ਾ ਕਿਹਾ ਗਿਆ। ਸਭ ਤੋਂ ਪਹਿਲੇ ਖਲੀਫ਼ਾ ਸਨ ਬਕਰ, ਦੂਜੇ ਉਮਰ, ਤੀਜੇ ਉਸਮਾਨ ਤੇ ਚੌਥੇ ਅਲੀ। ਸੁੰਨੀ ਮੁਸਲਮਾਨ ਇਨ੍ਹਾਂ ਚਹੁੰਆਂ ਖ਼ਲੀਫ਼ਿਆਂ ਨੂੰ ਮੰਨਦੇ ਹਨ। ਪਰ, ਸ਼ੀਆ ਸਿਰਫ਼ ਅਲੀ ਨੂੰ ਹੀ ਖ਼ਲੀਫ਼ਾ ਸਵੀਕਾਰ ਕਰਦੇ ਹਨ। ਸੁੰਨੀ ਤੇ ਸ਼ੀਆ ਵਿਚ ਇਹੀ ਬੁਨਿਆਦੀ ਭੇਦ ਚਲਿਆ ਆ ਰਿਹਾ ਹੈ।

ਮੱਕਾ ਜਿੱਥੇ ਮੁਹੰਮਦ ਸਾਹਿਬ ਦਾ ਜਨਮ ਹੋਇਆ ਤੇ ਮਦੀਨਾ ਜਿੱਥੇ ਪ੍ਰਾਣ ਛੱਡੇ, ਇਹ ਦੋਨੋਂ ਮੁਸਲਮਾਨਾਂ ਦੇ ਪਵਿੱਤਰ ਅਸਥਾਨ ਹਨ। ਹਰ ਮੁਸਲਮਾਨ ਨੂੰ ਹੱਜ ਕਰਨ ਦੀ ਹਦਾਇਤ ਹੈ। ਹੱਜ ਤੋਂ ਮੁਰਾਦ ਕਾਅਬੇ ਦੇ ਦੀਦਾਰ ਕਰਨਾ ਹੈ। ਕਾਅਬਾ ਮੱਕੇ ਵਿਚ ਹੈ। ਮੁਹੰਮਦ ਸਾਹਿਬ ਦਾ ਜਨਮ ਦਿਨ ਮੁਸਲਮਾਨਾਂ ਦਾ ਇਕ ਖ਼ਾਸ ਤਿਉਹਾਰ ਹੈ।

**ਛੋਟਾ ਅਭਿਆਸ**

ਅੱਗੇ ਦਿੱਤੇ ਸਵਾਲਾਂ ਦੇ ਜਵਾਬ ਦਿਓ। ਜਵਾਬਾਂ ਲਈ ਹਰ ਸਵਾਲ ਦੇ ਅੱਗੇ ਥਾਂ ਖ਼ਾਲੀ ਛੱਡੀ ਹੋਈ ਹੈ।

1 ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਕਦੋਂ ਤੇ ਕਿਥੇ ਹੋਇਆ ?

. . . . . . . . . . . . . . . . . . . . . . . . . . . . . . . . . . . . . . . . . . . . . . . .

2 ਇਸਲਾਮ ਅਨੁਸਾਰ ਬੰਦੇ ਦਾ ਅੱਲਾਹ ਨਾਲ ਕੀ ਰਿਸ਼ਤਾ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

3 ਹਿਜਰਤ ਕਿਸ ਨੂੰ ਆਖਦੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

4 ਇਸਲਾਮ ਦੇ ਚਾਰ ਖ਼ਲੀਫ਼ਿਆਂ ਦੇ ਨਾਂ ਦੱਸੋ।

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

5 ਕੁਰਾਨ ਸ਼ਰੀਫ ਤੇ ਹਦੀਸ ਵਿਚ ਕੀ ਫ਼ਰਕ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

ਨੋਟ: ਆਪਣੇ ਜਵਾਬਾਂ ਦੀ ਪੜਤਾਲ ਲਈ ਉੱਤਰ ਅੰਤ ਵਿਚ ਵੇਖੋ।

## 6.3 ਸਾਰ

ਪਿੱਛੇ ਅਸੀਂ ਭਾਰਤ ਵਿੱਚ ਵੱਸਦੇ ਲੋਕਾਂ ਦੇ ਮਜ਼ਹਬਾਂ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਕੇਵਲ ਹਿੰਦੂ, ਜੈਨ, ਬੁੱਧ, ਸਿੱਖ, ਈਸਾਈ ਮਜ਼ਹਬ ਤੇ ਇਸਲਾਮ ਸੰਬੰਧੀ ਹੀ ਚਰਚਾ ਕੀਤੀ ਹੈ ਕਿਉਂਕਿ ਇਨ੍ਹਾਂ ਮਜ਼ਹਬਾਂ ਦਿਆਂ ਮੰਨਣ ਵਾਲਿਆਂ ਦੀ ਕਾਫ਼ੀ ਗਿਣਤੀ ਭਾਰਤ ਵਿੱਚ ਵੱਸਦੀ ਹੈ। ਪਾਰਸੀ ਤੇ ਯਹੂਦੀ ਵੀ ਭਾਰਤ ਵਿਚ ਰਹਿ ਰਹੇ ਹਨ ਪਰ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡਾ ਮੁੱਖ ਮੰਤਵ ਤਾਂ ਇਹੀ ਦੱਸਣਾ ਸੀ ਕਿ ਲੋਕਾਂ ਨੂੰ ਇਕ ਦੂਜੇ ਦੇ ਮਜ਼ਹਬਾਂ ਬਾਰੇ ਬੁਨਿਆਦੀ ਕਿਸਮ ਦੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਹ ਇਕ ਦੂਜੇ ਦੇ ਮਜ਼ਹਬੀ ਵਿਚਾਰਾਂ ਤੇ ਭਾਵਨਾਵਾਂ ਦਾ ਆਦਰ ਕਰ ਸਕਣ। ਇਕ ਦੂਜੇ ਬਾਰੇ ਅਗਿਆਨ ਹੀ ਗ਼ਲਤਫ਼ਹਿਮੀਆਂ ਨੂੰ ਜਨਮ ਦੇਂਦਾ ਹੈ ਤੇ ਨਿਸ਼ਚੇ ਹੀ ਮਜ਼ਹਬ ਦੇ ਵਪਾਰੀ ਇਸ ਦਾ ਫ਼ਾਇਦਾ ਉਠਾਉਣ ਦਾ ਜਤਨ ਕਰਦੇ ਹਨ।

ਸਾਡਾ ਵਿਸ਼ਵਾਸ ਹੈ ਕਿ ਹਰ ਮਜ਼ਹਬ ਆਪਣੇ ਆਪ ਵਿਚ ਮੁਕੰਮਲ ਹੈ। ਸੱਚ ਦੀ ਪ੍ਰਾਪਤੀ ਲਈ ਕਿਸੇ ਵੀ ਮਾਰਗ ਨੂੰ ਅਪਨਾਉਣ ਨਾਲ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਲਈ ਕਿਸੇ ਵੀ ਗ਼ੈਰ ਮਜ਼ਹਬ ਬਾਰੇ ਮਨ ਵਿਚ ਅਦਬ-ਸਤਕਾਰ ਪੈਦਾ ਹੋਣਾ ਜ਼ਰੂਰੀ ਹੈ।

## 6.4 ਸਹਾਇਕ ਪੁਸਤਕਾਂ


ਆਈ. ਸੁਸਤੇਰ **ਦੀ ਇਲਸਟ੍ਰੇਟਿਡ ਬਾਈਬਲ ਹਿਸਟਰੀ** ਬੀ. ਹਰਡੇਰ, 33 ਨਿਊ ਸੁਕੇਅਰ, ਲੰਡਨ, ਪੰਝੀਵਾਂ ਸੰਸਕਰਣ।

ਐਲ.ਐਮ. ਜੋਸ਼ੀ ਤੇ ਸ਼ਾਰਦਾ ਗਾਂਧੀ **ਧੰਮਪਦ** (ਪੰਜਾਬੀ ਵਿਚ ਅਨੁਦਿਤ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969।

ਸੁਨੀਤੀ ਕੁਮਾਰ ਚਟਰਜੀ ਤੇ ਹੋਰ (ਸੰਪਾਦਕ) **ਦੀ ਕਲਚਰਲ ਹੈਰੀਟੇਜ ਆਫ਼ ਇੰਡਿਆ**, ਦੀ ਰਾਮ ਕਿਸ਼ਣ ਮਿਸ਼ਨ, ਕਲਕੱਤਾ। ਜਿਲਦ ਪਹਿਲੀ, ਰੀਪ੍ਰਿੰਟ 1970, ਪਹਿਲੀ ਵਾਰ, 1958।

ਕਿਸ਼ਨ ਸਿੰਘ, **ਗੁਰਬਾਣੀ ਦਾ ਸੱਚ**, ਸੇਧ ਪ੍ਰਕਾਸ਼ਨ, ਦਿੱਲੀ, 1976।

ਜਾਨ. ਆਰ. ਹਿਨੱਲਸ, (ਸੰਪਾਦਕ) **ਏ ਹੈਂਡਬੁਕ ਆਫ਼ ਲਿਵਿੰਗ ਰਿਲਿਜਨਜ਼**, ਪੈਂਗੁਇਨ ਬੁਦਰਾ-ਲਿਮਟਿਡ, 1984।

ਭਗਵਾਨ ਦਾਸ, **ਦੀ ਈਸੈਨਸ਼ਲ ਯੂਨਿਟੀ ਆਫ਼ ਆਲ ਰਿਲਿਜਨਜ਼**, ਦੀ ਕਾਸ਼ੀ-ਵਿਦਿਆਪੀਠ, ਬਨਾਰਸ, 1939।

**ਭਾਰਤ ਦਾ ਸੰਵਿਧਾਨ** (ਪੰਜਾਬੀ ਵਿਚ), ਪ੍ਰਕਾਸ਼ਨ ਕੰਟਰੋਲਰ: ਭਾਰਤ ਸਰਕਾਰ, ਸਿਵਿਲ ਲਾਈਨਜ਼, ਦਿੱਲੀ-6।

ਮਾਰਮਾਡਿਊਕ ਪਿਕਥਾਲ ਤੇ ਮੁਹੰਮਦ ਫ਼ਾਰੂਕ ਖ਼ਾਨ (ਅਨੁਵਾਦਕ) **ਕੁਰਾਨ ਮਜੀਦਮਕਤਬਾ** ਅਲਹਸਨਾਤ, ਰਾਮਪੁਰ (ਉੱਤਰ ਪ੍ਰਦੇਸ਼); 1970।

ਤਾਰਨ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963।


## 6.5 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਮੂਰਤੀਆਂ ਦੇਵਤਿਆਂ ਦੀਆਂ ਪ੍ਰਤੀਕ ਹਨ।

2 ਰਾਮ ਤੇ ਕ੍ਰਿਸ਼ਨ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ।

3 ਰਾਮਾਯਣ ਤੇ ਭਗਵਦ ਗੀਤਾ।

4 ਚਾਰ ਪੁਰਸ਼ਾਰਥਾਂ ਦੇ ਨਾਂ ਇਸ ਪ੍ਰਕਾਰ ਹਨ :
i) ਕਾਮ, ii) ਅਰਥ, iii) ਧਰਮ, iv) ਮੋਖ
ਚਾਰ ਆਸ਼ਰਮ ਇਸ ਪ੍ਰਕਾਰ ਹਨ:
i) ਬ੍ਰਹਮਚਰਜ, ii) ਗ੍ਰਿਹਸਥ, iii) ਵਾਨ ਪ੍ਰਸਥਤ ਤੇ iv) ਸੰਨਿਆਸ
ਚਾਰ ਵਰਣਾਂ ਦੇ ਨਾਂ ਇਸ ਪ੍ਰਕਾਰ ਹਨ:
i) ਬ੍ਰਾਹਮਣ, ii) ਖੱਤਰੀ, iii) ਵੈਸ਼ ਤੇ iv) ਸ਼ੂਦਰ

ਦੂਜਾ ਅਭਿਆਸ

1 ਮਹਾਵੀਰ ਜੈਨੀਆਂ ਦੇ ਚੱਵੀਵੇਂ ਤੀਰਥੰਕਰ ਸਨ।

2 ਮਹਾਵੀਰ ਵੈਸ਼ਾਲੀ ਦੇ ਨੇੜੇ ਸਥਿਤ ਕੌਂਡਨੀਅਪੁਰਾ ਨਾਂ ਦੇ ਪਿੰਡ ਵਿੱਚ ਪੈਦਾ ਹੋਏ ਸਨ।

3 ਮਹਾਵੀਰ ਨੇ ਅਰਧਮਾਗਧੀ (ਪ੍ਰਾਕ੍ਰਿਤ) ਵਿਚ ਪ੍ਰਚਾਰ ਕੀਤਾ ਸੀ।

4 'ਜਿਨ' ਸ਼ਬਦ ਤੋਂ ਮੁਰਾਦ ਹੈ ਜਿੱਤਣ ਵਾਲਾ ਜਾਂ ਜੇਤੂ। ਗਿਆਨ-ਪ੍ਰਾਪਤੀ ਵੀ ਇਕ ਤਰ੍ਹਾਂ ਦਾ ਸੰਘਰਸ਼ ਹੈ। ਵਰਧਮਾਨ ਨੂੰ ਇਸੇ ਲਈ 'ਮਹਾਵੀਰ' ਕਿਹਾ ਜਾਂਦਾ ਹੈ। ਜੈਨ ਸ਼ਬਦ ਇਸੇ 'ਜਿਨ' ਸ਼ਬਦ ਤੋਂ ਬਣਿਆ ਹੈ।

5 ਜੈਨੀਆਂ ਦੇ ਕੁੱਝ ਪ੍ਰਮੁੱਖ ਤੀਰਥ-ਸਥਾਨਾਂ ਦੇ ਨਾਂ ਇਸ ਪ੍ਰਕਾਰ ਹਨ; ਸ੍ਰੀ ਮਹਾਵੀਰ ਜੀ (ਰਾਜਸਥਾਨ); ਪਾਵਾਪੁਰੀ, ਪਾਰਸ ਹਿਲਜ਼, ਰਾਜਗਿਰੀ—ਇਹ ਤਿੰਨੇ ਬਿਹਾਰ ਵਿਚ ਹਨ। ਗਿਰਨਾਰ, ਜੀਤ ਤੇ ਪਾਲੀਪਤਨ ਗੁਜਰਾਤ ਵਿਚ ਹਨ।

ਤੀਜਾ ਅਭਿਆਸ

1 ਬੁੱਧ ਦਾ ਜਨਮ 624 ਈਸਵੀ ਪੂਰਵ ਲੁਬਿੰਨੀ ਵਿਚ ਹੋਇਆ ਸੀ। ਲੁਬਿੰਨੀ ਭਾਰਤ ਦੇ ਨੇਪਾਲ ਦੀ ਸਰਹੱਦ ਉੱਤੇ ਜ਼ਿਲਾ ਬਸਤੀ (ਉੱਤਰ ਪ੍ਰਦੇਸ਼) ਵਿਚ ਹੈ।

2 ਬੁੱਧ ਮਜ਼ਹਬ ਦੇ ਅਸ਼ਟਾਂਗ ਮਾਰਗ ਦੇ ਅੱਠ ਅੰਗ ਇਸ ਪ੍ਰਕਾਰ ਹਨ :
i) ਸ਼ੁਧ ਬਚਨ, ii) ਸ਼ੁਧ ਕਰਮ, iii) ਸ਼ੁੱਧ ਕਿਰਤ-ਕਮਾਈ, iv) ਸ਼ੁੱਧ ਜਤਨ, v) ਸ਼ੁੱਧ ਸੁਰਤ
vi) ਸ਼ੁੱਧ ਸਮਾਧੀ, vii) ਸ਼ੁੱਧ ਸੰਕਲਪ ਤੇ viii) ਸ਼ੁੱਧ ਦ੍ਰਿਸ਼ਟੀ

3 ਹੀਨਯਾਨੀਆਂ ਦਾ ਸਾਰਾ ਬਲ ਵਿਅਕਤੀਗਤ ਨਿਰਵਾਣ ਉੱਤੇ ਹੈ ਅਤੇ ਮਹਾਂਯਾਨੀ ਸਰਬੱਤ ਦੇ ਨਿਰਵਾਣ ਯਾਨੀ ਦੁੱਖ ਤੋਂ ਛੁਟਕਾਰੇ ਦੀ ਗੱਲ ਉੱਪਰ ਬਲ ਦੇਂਦੇ ਹਨ।

4 ਵੈਸਾਖ ਦੀ ਪੂਰਨਮਾਸ਼ੀ ਦੀ ਬੁੱਧ ਮਜ਼ਹਬ ਵਿਚ ਖ਼ਾਸ ਮਹੱਤਾ ਇਸ ਲਈ ਹੈ ਕਿ ਇਸੇ ਦਿਨ ਬੁੱਧ ਦਾ ਜਨਮ ਹੋਇਆ, ਇਸੇ ਦਿਨ ਗਿਆਨ ਪ੍ਰਾਪਤ ਹੋਇਆ ਤੇ ਇਸੇ ਦਿਨ ਸ਼ਰੀਰ ਤਿਆਗਿਆ।

ਚੌਥਾ ਅਭਿਆਸ

1 ਗੁਰੂ ਨਾਨਕ ਸਾਹਿਬ ਦਾ ਜਨਮ ਨਨਕਾਣਾ ਸਾਹਿਬ ਵਿਚ (ਅੱਜ ਕੱਲ ਪਾਕਿਸਤਾਨ ਵਿੱਚ ਹੈ) ਸੰਨ 1469 ਈਸਵੀ ਵਿਚ ਹੋਇਆ।

2 ਗੁਰੂ ਅਰਜਨ ਸਾਹਿਬ ਨੇ ਸੰਨ 1604 ਈਸਵੀ ਵਿਚ ਉਸ ਪੋਥੀ ਦਾ ਸੰਪਾਦਨ ਕੀਤਾ, ਜੋ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਦਾ ਆਧਾਰ ਬਣੀ।

3 ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ, ਖਾਲਸੇ ਦੀ ਸਿਰਜਨਾ ਕੀਤੀ ਸੀ।

4 ਪੰਜਾਂ ਪਿਆਰਿਆਂ ਦੇ ਨਾਂ ਹਨ :
i) ਭਾਈ ਦਯਾ ਸਿੰਘ, ii) ਭਾਈ ਧਰਮ ਸਿੰਘ, iii) ਭਾਈ ਮਹੁਕਮ ਸਿੰਘ, iv) ਭਾਈ ਹਿੰਮਤ ਸਿੰਘ ਤੇ
v) ਭਾਈ ਸਾਹਿਬ ਸਿੰਘ।

5 ਸਿੱਖਾਂ ਦੇ ਤੀਰਥ ਸਥਾਨ ਹਨ :
ਨਨਕਾਨਾ ਸਾਹਿਬ, ਪੰਜਾ ਸਾਹਿਬ (ਇਹ ਦੋਵੇਂ ਪਾਕਿਸਤਾਨ ਵਿਚ ਹਨ); ਅਮ੍ਰਿਤਸਰ, ਅਨੰਦਪੁਰ ਸਾਹਿਬ, ਹਜ਼ੂਰ ਸਾਹਿਬ ਤੇ ਹੇਮਕੁੰਟ ਸਾਹਿਬ।

ਪੰਜਵਾਂ ਅਭਿਆਸ

1 ਯਸੂ ਮਸੀਹ ਦੀ ਮਾਂ ਦਾ ਨਾਂ ਮੇਰੀ ਤੇ ਪਿਓ ਦਾ ਨਾਂ ਜੋਜ਼ਫ ਸੀ।

2 ਹੇਰਡ ਦੇ ਰਾਜ-ਕਾਲ ਵਿਚ ਦੋ ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਮਾਰ ਦੇਣ ਦਾ ਹੁਕਮ ਹੋਇਆ ਸੀ।

3 ਫ਼ਰਿਸ਼ਤੇ ਨੇ ਯਸੂ ਮਸੀਹ ਦੇ ਪਿਤਾ ਜੋਜ਼ਫ ਨੂੰ ਹਦਾਇਤ ਕੀਤੀ ਸੀ ਕਿ ਉਹ ਮਾਂ ਤੇ ਬੱਚੇ ਨੂੰ ਇਜਿਪਟ (ਮਿਸਰ) ਵੱਲ ਲੈ ਜਾਏ। ਜੋਜ਼ਫ ਨੇ ਫ਼ਰਿਸ਼ਤੇ ਦੀ ਹਦਾਇਤ ਦੀ ਬਰਾਬਰ ਪਾਲਨਾ ਕੀਤੀ। ਇਸ ਤਰ੍ਹਾਂ ਯਸੂ ਮਸੀਹ ਬਚ ਗਏ।

4 ਮਾਰਟਨ ਲੂਥਰ ਨੇ ਈਸਾਈ ਮਜ਼ਹਬ ਦੀ ਪ੍ਰੋਟੈਸਟੈਂਟ ਲਹਿਰ ਨੂੰ ਜਨਮ ਦਿੱਤਾ ਸੀ।

5 25 ਦਸੰਬਰ ਨੂੰ ਯਸੂ ਮਸੀਹ ਦਾ ਜਨਮ ਹੋਇਆ ਸੀ। ਇਸੇ ਲਈ ਈਸਾਈ ਜਗਤ ਵਿਚ ਇਹ ਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਛੇਵਾਂ ਅਭਿਆਸ

1 ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਸੰਨ 569 ਈਸਵੀ ਵਿਚ ਮੱਕੇ ਵਿਚ ਹੋਇਆ ਸੀ।

2 ਇਸਲਾਮ ਅਨੁਸਾਰ ਬੰਦੇ ਦਾ ਰੱਬ ਨਾਲ ਰਿਸ਼ਤਾ ਦਾਸ ਤੇ ਮਾਲਕ ਵਾਲਾ ਹੈ।

3 ਜਦੋਂ ਮੁਹੰਮਦ ਸਾਹਿਬ ਮੱਕੇ ਨੂੰ ਛੱਡ ਕੇ ਮਦੀਨੇ ਗਏ, ਤਾਂ ਇਹ ਘਟਨਾ ਇਸਲਾਮ ਵਿਚ ਹਿਜਰਤ ਨਾਂ ਨਾਲ ਪ੍ਰਸਿੱਧ ਹੋਈ। ਮਜ਼ਹਬ ਦੇ ਪ੍ਰਚਾਰ ਦੀ ਖ਼ਾਤਰ ਆਪਣੇ ਮੁਲਕ ਨੂੰ ਛੱਡਣਾ ਹੀ, ਇਸਲਾਮ ਅਨੁਸਾਰ, ਹਿਜਰਤ ਹੈ।

4 ਮੁਸਲਮਾਨਾਂ ਦੇ ਚਾਰ ਖ਼ਲੀਫ਼ਿਆਂ ਦੇ ਨਾਂ ਇਸ ਪ੍ਰਕਾਰ ਹਨ :
i) ਹਜ਼ਰਤ ਅਬੂ ਬਕਰ, ii) ਹਜ਼ਰਤ ਉਮਰ, iii) ਹਜ਼ਰਤ ਉਸਮਾਨ ਤੇ iv) ਹਜ਼ਰਤ ਅਲੀ।

5 ਕੁਰਾਨ ਤੇ ਹਦੀਸ ਵਿਚ ਬੁਨਿਆਦੀ ਫ਼ਰਕ ਇਹ ਹੈ ਕਿ ਕੁਰਾਨ ਅੱਲਾਹ ਦਾ ਕਲਾਮ ਹੈ ਤੇ ਹਦੀਸ ਹਜ਼ਰਤ ਦੇ ਪ੍ਰਵਚਨਾਂ ਤੇ ਕਰਨੀਆਂ ਦੀ ਦਸਤਾਵੇਜ਼ੀ ਹੈ।